
FARM AND SPICE
Open 7 Days a Week
8.30 am to 9.00 pm
SPECIAL OFFERS : 24- 30 June
Daily Specials on
ਮਤੀਰਾ
Watermelon
Large
79¢ /lb
ਪੁਦੀਨਾ
Mint
99¢ /each
ਮੈਨਡ੍ਰੀਨ
Mandarins
99¢ /lb
ਹਰੇ ਅੰਗੂਰ
Green Grapes
$1.99 /lb
ਸੰਤਰੇ
Small Oranges
99¢ /lb
ਜ਼ੂਕੀਨੀ
Zucchini
$1.29 /lb
ਸਟ੍ਰਾਬੈਰੀ
Strawberry
1lb
$2.49 each
ਚਿੰਗ ਸਾਸ (ਐਸਾਰਟਿਡ)
Ching's Sauce
Greenchilli/Red Chilli/
Dark Soya
200g
99¢ /each
ਨਮਕੀਨਜ਼
Balaji
Assorted Namkeen
200g
$1.49 each
ਨਮਕੀਨਜ਼
Balaji
Assorted Namkeen
500g
$2.99 each
ਹਲਦੀਰਾਮ ਨਮਕੀਨ
Haldiram
Assorted Namkeen
150-200g
$1.29 each
ਹੈਲੋ ਜੀ ਰੱਸ
Hello ji
Saunf Elaichi &
Milk Rusk
600g
$3.99 each
ਵੇਰਕਾ ਪੱਫ
Verka
Assorted Khari Puff
350g
$4.99 each
ਰੂਹਆਫਜ਼ਾ
Roohafza
Indian/Pakistani
$3.99 each
ਸੌਰਭੀ ਐਸਾਰਟਿਡ ਆਟਾ
Saurbhi Flour
Bajari Flour/Corn Flour/ Ragi Atta/Besan
4lb
$3.99 each
ਬਾਸਮਤੀ ਚਾਵਲ
India at Home
Dehradun Basmati Rati
8lb
$7.99 each
ਸ਼ਾਨ-ਏ-ਪੰਜਾਬ ਆਟਾ
Shaan-e-Punjab
Chakki Atta
20lb
$9.99 each
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last

CIVIC
FAMILY HEALTH CENTRE
WE CARE PHARMACY

# WE CARE PHARMACY & MEDICAL CLINIC






## Civic Family Health Centre & We Care Medical Clinic are accepting New Family Patients

## ਅਸੀਂ ਨਵੇਂ ਮਰੀਜ ਲੈ ਰਹੇ ਹਾਂ ਅਤੇ ਹਫਤੇ ਦੇ 7 ਦਿਨ ਖੁੱਲ੍ਹਦੇ ਹਾਂ

### WE CARE WALK-INS

When you have difficulty seeing your family doctor for your medical needs please visit our walk-in clinic.

### WE CARE COMPLEX CARE CLINIC

(Team Based Approach)

Physician | Pharmacist
Physiotherapist | Patient

### WE CARE PHARMACY SERVICES OFFERED

Medication Counselling
Over-the-counter medication advise

- Insurance Claim Processing
- Medication Reviews
- Home Care Supplies
- Diabetic Supplies
- Ostomy Supplies
- Flu Shots & routine Vaccination
- Smoking Cassation Program
- Free Prescription delivery

## ਅਸੀਂ ਪੰਜਾਬੀ,ਹਿੰਦੀ ਅਤੇ ਇੰਗਲਿਸ਼ ਵਿੱਚ ਸੇਵਾਵਾਂ ਦਿੰਦੇ ਹਾਂ।

**WE CARE MEDICAL CLINIC**
Ph: 604-593-6934
Fax: 604-593-6933

**WE CARE PHARMACY**
Ph: 604-593-6924
Fax: 604-593-6925

#100-101, 6329 King George Blvd., Surrey, BC- V3X 1G1

**CIVIC FAMILY HEALTH CENTRE**
Ph: 778-565-7844
Fax: 778-819-0180

**WE CARE PHARMACY#2**
Ph: 778-565-7988
Fax: 778-565-7989

Add:110-13588 88 Ave, Surrey, BC- V3W 3K8

For more info Please Visit www.wecarerx.ca

ਸ਼ਹੀਦਾਂ ਦੇ ਸਰਤਾਜ ਧੰਨ-ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਨਗਰ ਕੀਰਤਨ
# NAGAR KIRTAN

ਸਾਰੇ ਗੁਰੂ ਘਰਾਂ ਤੋਂ ਸਵੇਰੇ 9:30 ਅਤੇ 11 ਵਜੇ ਨਗਰ ਕੀਰਤਨ ਲਈ ਬੱਸ ਸੇਵਾ ਚਲੇਗੀ

KIRTAN, KATHA, DHADI, SPEECHES, GATKA, KIDS WATER PARK & FOOD STALLS ALL DAY IN THE PARK

**SUNDAY, 26 JUNE 2022**
**STARTS 9:00AM**

AT QUEENSBOROUGH COMMUNITY CENTRE: 920 EWEN AVE., NEW WEST

# ਆਤਮ ਰਸ ਕੀਰਤਨ ਦਰਬਾਰ

## 17 ਜੂਨ ਤੋਂ 26 ਜੂਨ ਤੱਕ
ਰੋਜ਼ਾਨਾ ਸ਼ਾਮ 7:15 ਤੋਂ 9:00 ਵਜੇ ਤੱਕ


ਭਾਈ ਮਨਜੀਤ ਸਿੰਘ (ਪਠਾਨਕੋਟ ਵਾਲੇ)


ਭਾਈ ਸੁਖਵਿੰਦਰ ਸਿੰਘ (USA ਵਾਲੇ)


ਭਾਈ ਇੰਦਰਜੀਤ ਸਿੰਘ (ਬੰਬੇ ਵਾਲੇ)

25 ਜੂਨ ਨੂੰ ਅੰਮ੍ਰਿਤ ਸੰਚਾਰ

26 ਜੂਨ ਨੂੰ ਨਗਰ ਕੀਰਤਨ

**KHALSA DIWAN SOCIETY - GURDWARA SAHIB SUKH SAGAR**
347 Wood Street, New Westminster, BC V3M 5K6
Gurdwara Sahib: 604-521-3111 • Office: 604-537-8300 • Fax: 604-521-4936

www.sukhsagar.ca
info@sukhsagar.ca
Gurdwara Sahib Sukh Sagar

# ਆਪਣਾ ਹਥਿਆਰਬੰਦ ਕਾਡਰ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਭਾਜਪਾ:ਮਮਤਾ



ਕੋਲਕਾਤਾ-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੈਨਾ 'ਚ ਭਰਤੀ ਦੀ ਨਵੀਂ 'ਅਗਨੀਪਥ' ਯੋਜਨਾ ਨੂੰ ਲੈ ਕੇ ਅੱਜ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਦੋਸ਼ ਲਾਇਆ ਕਿ ਭਾਜਪਾ ਨਵੀਂ ਰੱਖਿਆ ਭਰਤੀ ਰਾਹੀਂ ਆਪਣਾ 'ਹਥਿਆਰਬੰਦ' ਕਾਡਰ ਆਧਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਯੋਜਨਾ ਨੂੰ ਹਥਿਆਰਬੰਦ ਬਲਾਂ ਦਾ ਅਪਮਾਨ ਕਰਾਰ ਦਿੰਦਿਆਂ ਮਮਤਾ ਬੈਨਰਜੀ ਨੇ ਇਸ ਗੱਲ 'ਤੇ ਹੈਰਾਨੀ ਵੀ ਜ਼ਾਹਿਰ ਕੀਤੀ ਕਿ ਕੀ ਭਾਜਪਾ ਦੀ ਯੋਜਨਾ ਚਾਰ ਦੇ ਸੇਵਾਕਾਲ ਤੋਂ ਬਾਅਦ ਇਨ੍ਹਾਂ 'ਅਗਨੀਵੀਰ' ਸੈਨਿਕਾਂ ਨੂੰ ਆਪਣੇ ਪਾਰਟੀ ਦਫ਼ਤਰਾਂ 'ਚ 'ਚੌਕੀਦਾਰ' ਵਜੋਂ ਤਾਇਨਾਤ ਕਰਨ ਦੀ ਹੈ।

# ਪੰਜਾਬ 'ਚ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਪੰਜਾਬ ਵਿੱਚ ਹੋਈ ਐਫ ਆਈ ਆਰ




ਚੰਡੀਗੜ੍ਹ:ਸਿੱਖ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਖਿਲਾਫ ਪੰਜਾਬ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਪੰਨੂ ਨੇ ਸੰਗਰੂਰ ਦੇ ਕਾਲੀ ਮਾਤਾ ਮੰਦਰ ਦੇ ਬਾਹਰ ਖਾਲਿਸਤਾਨੀ ਨਾਅਰੇ ਲਿਖਣ ਦੀ ਵੀਡੀਓ ਜਾਰੀ ਕੀਤੀ ਸੀ।ਵੀਡੀਓ ਵਿਚ ਕਿਹਾ ਗਿਆ ਸੀ ਕਿ ਜੇਕਰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਖਾਲਿਸਤਾਨ ਦੇ ਏਜੰਡੇ 'ਤੇ ਨਹੀਂ ਚੱਲਦੇ ਤਾਂ ਉਨ੍ਹਾਂ ਦਾ ਵੀ ਉਹੀ ਹਾਲ ਹੋਵੇਗਾ ਜੋ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਹੋਇਆ ਸੀ। ਇਹ ਮਾਮਲਾ ਸੰਗਰੂਰ ਵਿੱਚ ਹੀ ਦਰਜ ਹੋਇਆ ਹੈ।ਦਰਅਸਲ ਪੰਨੂ ਨੇ ਮੰਦਰ 'ਚ ਨਾਅਰੇਬਾਜ਼ੀ ਤੋਂ ਬਾਅਦ ਵੀਡੀਓ ਜਾਰੀ ਕੀਤੀ ਸੀ। ਜਿਸ ਵਿੱਚ ਉਸਨੇ ਦਾਅਵਾ ਕੀਤਾ ਕਿ ਇਹ ਨਾਅਰੇ ਖਾਲਿਸਤਾਨ ਪੱਖੀ ਸਿੱਖਾਂ ਨੇ ਲਿਖੇ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਖਾਲਿਸਤਾਨ ਪੱਖੀ ਸਿੱਖਾਂ ਦੇ ਸਹਿਯੋਗ ਨਾਲ ਬਣੀ ਸੀ। ਪੰਨੂ ਨੇ ਕਿਹਾ ਸੀ ਕਿ ਇਹ ਨਾਅਰੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 26 ਜਨਵਰੀ 2023 ਨੂੰ ਪੰਜਾਬ ਖਾਲਿਸਤਾਨ ਰੈਫਰੈਂਡਮ 'ਤੇ ਵੋਟ ਕਰੇਗਾ।

# ਕਿਸਾਨ ਮੋਰਚੇ ਦੌਰਾਨ ਵੱਡਾ ਭ੍ਰਿਸ਼ਟਾਚਾਰ ਕਰਨ ਵਾਲੇ ਸੀਨੀਅਰ ਆਗੂ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਜਥੇਬੰਦੀ 'ਚੋਂ ਕੱਢਿਆ

ਪਟਿਆਲਾ:-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਇੱਕ ਐਮਰਜੈਂਸੀ ਮੀਟਿੰਗ ਵੀਡੀਓ ਕਾਨਫਰੰਸ ਰਾਹੀ ਸੂਬਾ ਪ੍ਰਧਾਨ ਡਾ ਦਰਸ਼ਨਪਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੂਬਾ ਜਰਨਲ ਸਕੱਤਰ ਗੁਰਮੀਤ ਸਿੰਘ ਮਹਿਮਾ, ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ, ਮੀਤ ਪ੍ਰਧਾਨ ਰੇਸ਼ਮ ਸਿੰਘ ਮਿੱਢਾ, ਸੂਬਾ ਖਜਾਨਚੀ ਗੁਰਮੀਤ ਸਿੰਘ ਦਿੱਤੂਪੁਰ, ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਤੋਂ ਇਲਾਵਾ ਵੱਖ ਵੱਖ ਜਿਲਿਆਂ ਦੇ ਪ੍ਰਧਾਨ-ਸਕੱਤਰ ਵੀ ਮੌਜੂਦ ਰਹੇ। ਇਸ ਮੀਟਿੰਗ ਵਿੱਚ ਪਿਛਲੇ ਸਮੇਂ ਅੰਦਰ ਕਿਸਾਨ ਮੋਰਚੇ ਦੌਰਾਨ ਵੱਡਾ ਭ੍ਰਿਸ਼ਟਾਚਾਰ ਕਰਨ ਵਾਲੇ ਜਿਲ੍ਹਾ ਪਟਿਆਲਾ ਦੇ ਬਲਾਕ 2 ਦੇ ਪ੍ਰਧਾਨ ਗੁਰਧਿਆਨ ਸਿੰਘ ਸਿਉਣਾ ਨੂੰ ਸਰਬਸਮੰਤੀ ਨਾਲ ਜਥੇਬੰਦੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰਕੇ ਜਥੇਬੰਦੀ ਤੋਂ ਕੱਢਿਆ ਗਿਆ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸੂਬਾ ਜਰਨਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਕਿਸਾਨ ਮੋਰਚੇ ਦੌਰਾਨ ਸ਼ੰਭੂ ਕਲਾਂ ਨੇੜੇ ਇੱਕ ਆਡਾਨੀ ਨਾਲ ਸਬੰਧਤ ਸਟੋਰ ਕਿਸਾਨ ਜਥੇਬੰਦੀ ਨੇ ਬੰਦ ਕੀਤਾ ਸੀ, ਜਿਸ ਨੂੰ ਅੰਦੋਲਨ ਦੇ ਅਖੀਰਲੇ ਦਿਨਾਂ ਅੰਦਰ ਗੁਰਧਿਆਨ ਸਿੰਘ ਸਿਉਣਾ ਨੇ ਸਟੋਰ ਮਾਲਕਾਂ ਤੋਂ 7 ਲੱਖ ਰੁਪੈ ਲੈਕੇ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਖੁਲਵਾ ਦਿੱਤਾ ਸੀ।













# ਚੰਡੀਗੜ੍ਹ ਖੋਹ ਲਿਐ, ਪਾਣੀ ਖੋਹ ਲਿਐ, ਪੰਜਾਬ ਯੂਨੀਵਰਸਟੀ ਖੋਹਣ ਦੀ ਤਿਆਰੀ
# ਦਿੱਲੀ ਦੇ 'ਮਹਾਰਾਜੇ' ਪੰਜਾਬ ਕੋਲ ਕੁਝ ਵੀ ਕਿਉਂ ਨਹੀਂ ਰਹਿਣ ਦੇਣਾ ਚਾਹੁੰਦੇ?

ਪੰਜਾਬ ਨੇ ਹਮੇਸ਼ਾ ਹਿੰਦੁਸਤਾਨ ਦੀ ਲਾਜ ਰੱਖਣ ਲਈ, ਸੱਭ ਤੋਂ ਅੱਗੇ ਹੋ ਕੇ ਕੁਰਬਾਨੀ ਦਿਤੀ ਪਰ 1947 ਤੋਂ ਬਾਅਦ, ਪੰਜਾਬ ਨੂੰ ਧਨਵਾਦ ਵਜੋਂ ਕੁੱਝ ਦੇਣ ਦੀ ਬਜਾਏ, ਇਸ ਕੋਲੋਂ ਇਸ ਦਾ ਸੱਭ ਕੁੱਝ ਖੋਹ ਲੈਣ ਦੀਆਂ ਗੁਪਤ ਪ੍ਰਗਟ ਚਾਲਾਂ ਚਲਣੀਆਂ ਸ਼ੁਰੂ ਹੋ ਗਈਆਂ। ਅਜਿਹਾ ਕੀਤਾ ਜਾਣਾ ਬੰਦ ਕਿਉਂ ਨਹੀਂ ਕੀਤਾ ਜਾ ਰਿਹਾ? ਪਾਣੀ ਖੋਹ ਲਏ, ਰਾਜਧਾਨੀ ਖੋਹ ਲਈ, ਹੁਣੇ ਹੁਣੇ ਕਿਸਾਨਾਂ ਤੋਂ ਜ਼ਮੀਨਾਂ ਖੋਹ ਰਹੇ ਸੀ, ਉਨ੍ਹਾਂ ਬੜੀ ਮੁਸ਼ਕਲ ਨਾਲ ਬਚਾਈਆਂ। ਸਿੱਖ ਬਹੁਗਿਣਤੀ ਵਾਲਾ ਇਕ ਸੂਬਾ ਦੇਸ਼ ਵਿਚ ਬਣਵਾਉਣ ਦੀ ਸਜ਼ਾ ਦੇਣੀ ਬੰਦ ਹੀ ਨਹੀਂ ਕੀਤੀ ਜਾ ਰਹੀ। ਹੁਣ ਪੰਜਾਬ ਯੂਨੀਵਰਸਟੀ ਖੋਹੇ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਵਿਦਿਆਰਥੀ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਨੂੰ ਡਾਂਗਾਂ ਮਾਰੀਆਂ ਜਾਂਦੀਆਂ ਹਨ ।

ਸਾਰੇ ਹਿੰਦੁਸਤਾਨ ਦਾ ਨਕਸ਼ਾ ਸਾਹਮਣੇ ਰੱਖ ਲਉ। ਪੰਜਾਬ ਵਲੋਂ ਦੇਸ਼ ਦੀ ਖ਼ਾਤਰ ਕੀਤੀਆਂ ਕੁਰਬਾਨੀਆਂ ਦਾ ਮੁਕਾਬਲਾ ਕਿਸੇ ਵੀ ਹੋਰ ਸੂਬੇ ਨਾਲ ਕਰ ਲਉ। ਪੰਜਾਬ ਨਾਲੋਂ ਅੱਗੇ ਲੰਘਦਾ ਕੋਈ ਨਜ਼ਰ ਨਹੀਂ ਆਵੇਗਾ। ਪੰਜਾਬ ਨੇ ਅਪਣੀ ਮਿਹਨਤ, ਕੁਰਬਾਨੀ ਅਤੇ ਦਰਿਆ ਦਿਲੀ ਨਾਲ, ਹਰ ਸਫ਼ਲਤਾ ਲੈ ਕੇ ਹਿੰਦੁਸਤਾਨ ਦੀ ਝੋਲੀ ਵਿਚ ਪਾਈ। ਮੁਗ਼ਲਾਂ ਤੋਂ ਲੈ ਕੇ ਅੰਗਰੇਜ਼ਾਂ ਤਕ ਅਤੇ 1947 ਤੋਂ ਮਗਰੋਂ ਚੀਨ ਅਤੇ ਪਾਕਿਸਤਾਨ ਤਕ ਤੋਂ ਪੁਛ ਕੇ ਦੇਖ ਲਉ ਸਾਰੇ ਹਿੰਦੁਸਤਾਨ 'ਚੋਂ ਉਹ ਸੱਭ ਤੋਂ ਵੱਧ ਡਰ ਕਿਸ ਦਾ ਮੰਨਦੇ ਸਨ ਤੇ ਹਨ? 2 ਫ਼ੀ ਸਦੀ ਦੀ ਮਾਮੂਲੀ ਗਿਣਤੀ ਵਾਲੇ ਹਿੰਦੁਸਤਾਨੀ ਸਿੱਖਾਂ ਤੋਂ ਉਹ ਸੱਭ ਤੋਂ ਵੱਧ ਭੈਅ ਖਾਂਦੇ ਹਨ। ਉਹ ਕਹਿੰਦੇ ਹਨ, ''ਜੇ ਸਿੱਖ ਹਿੰਦੁਸਤਾਨ ਵਿਚ ਨਾ ਹੋਣ ਤਾਂ ਅਸੀ ਹਿੰਦੁਸਤਾਨ ਨੂੰ ਦਿਨੇ ਤਾਰੇ ਵਿਖਾ ਦਈਏ।''

ਪਰ ਇਨ੍ਹਾਂ ਹੀ ਸਿੱਖਾਂ ਨੇ ਜਦ 1947 ਤੋਂ ਬਾਅਦ ਇਹ ਮੰਗ ਰੱਖੀ ਕਿ ਸਾਡੇ ਨਾਲ ਜਿਹੜੇ ਵਾਅਦੇ ਕੀਤੇ ਗਏ ਸਨ, ਉਹ ਤਾਂ ਪੂਰੇ ਕਰ ਦਿਉ ਤਾਂ ਜਵਾਬ ਮਿਲਿਆ, ''ਜਦੋਂ ਵਾਅਦੇ ਕੀਤੇ ਸੀ, ਉਹ ਵਕਤ ਹੋਰ ਸੀ, ਅੱਜ ਵਕਤ ਹੋਰ ਹੈ। ਹੁਣ ਚੰਗਾ ਰਹੇਗਾ, ਤੁਸੀ ਵੀ ਪੁਰਾਣੇ ਵਾਅਦਿਆਂ ਨੂੰ ਭੁੱਲ ਜਾਉ।'' ਸਿੱਖ ਦਿਲ ਫੜ ਕੇ ਰਹਿ ਗਏ। ਫਿਰ ਸਿੱਖਾਂ ਆਖਿਆ, ''ਸਾਰੇ ਦੇਸ਼ ਵਿਚ ਹਰ ਭਾਸ਼ਾ ਦਾ ਵਖਰਾ ਰਾਜ ਬਣਾ ਰਹੇ ਹੋ, ਪੰਜਾਬ ਵਿਚ ਇਕ ਪੰਜਾਬੀ ਸੂਬਾ ਬਣਾ ਦਿਉ।'' ਜਵਾਬ ਮਿਲਿਆ, ''ਦਿਲੋਂ ਤੁਸੀ ਸਿੱਖ ਬਹੁਗਿਣਤੀ ਵਾਲਾ ਰਾਜ ਬਣਾਉਣਾ ਚਾਹੁੰਦੇ ਹੋ ਤੇ ਬਾਹਰੋਂ ਨਾਂ ਪੰਜਾਬੀ ਸੂਬੇ ਦਾ ਲੈਂਦੇ ਹੋ। ਨਹੀਂ ਬਣਾਵਾਂਗੇ।''

ਸਿੱਖਾਂ ਦੇ ਲੀਡਰ ਮਾ: ਤਾਰਾ ਸਿੰਘ ਨੇ ਜਵਾਬ ਦਿਤਾ, ''ਸਾਡੇ ਦਿਲ ਵਿਚ ਕੀ ਏ ਤੇ ਤੁਹਾਡੇ ਵਿਚ ਕੀ ਏ, ਇਸ ਨੂੰ ਛੱਡ ਕੇ, ਉਸ ਤਰ੍ਹਾਂ ਹੀ ਪੰਜਾਬੀ ਸੂਬਾ ਤੁਸੀ ਆਪ ਬਣਾ ਦਿਉ, ਜਿਸ ਤਰ੍ਹਾਂ ਦੇ ਭਾਸ਼ਾਈ ਸੂਬੇ ਤੁਸੀ ਬਾਕੀ ਦੇਸ਼ ਵਿਚ ਬਣਾ ਰਹੇ ਹੋ। ਨਾ ਸਾਡੇ ਦਿਲ ਦੀ ਸੁਣੋ, ਨਾ ਅਪਣੇ ਦਿਲ ਦੀ, ਬਸ ਸਰਕਾਰੀ ਫ਼ੈਸਲਾ ਪੱਖਪਾਤ ਕੀਤੇ ਬਿਨਾਂ, ਸਾਰੇ ਦੇਸ਼ ਵਾਂਗ, ਪੰਜਾਬ ਵਿਚ ਵੀ ਲਾਗੂ ਕਰ ਦਿਉ।''

ਪੰਡਤ ਨਹਿਰੂ ਨੇ 15 ਅਗੱਸਤ ਨੂੰ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਐਲਾਨ ਕੀਤਾ, ''ਪੰਜਾਬੀ ਸੂਬਾ ਕਭੀ ਨਹੀਂ ਬਨੇਗਾ। ਯੇਹ ਹਮੇਸ਼ਾ ਅਕਾਲੀਉਂ ਕੇ ਦਿਮਾਗ਼ੋਂ ਮੇਂ ਹੀ ਰਹੇਗਾ।'' ਕਿਉਂ ਬਈ? ਕੋਈ ਜਵਾਬ ਨਹੀਂ। ਪਰ ਉਸ ਵੇਲੇ ਦੇ ਅਕਾਲੀ ਬੜੇ ਸੱਚੇ ਤੇ ਸਿਰੜੀ ਸਨ। ''ਮੈਂ ਮਰਾਂ ਪੰਥ ਜੀਵੇ'' ਦੇ ਸਿਧਾਂਤ 'ਤੇ ਚਲਣ ਵਾਲੇ ਸਨ। ਅਪਣੀ ਹੱਕੀ ਮੰਗ ਮਨਵਾਉਣ ਲਈ ਜੂਝਦੇ ਰਹੇ। ਹਾਲਾਤ ਐਸੇ ਬਣੇ ਕਿ ਪਾਕਿਸਤਾਨ ਨਾਲ ਜੰਗ ਹੋਈ।

ਉਹ ਰੇਡੀਉ ਪ੍ਰੋਗਰਾਮਾਂ ਰਾਹੀਂ ਸਿੱਖਾਂ ਨੂੰ ਅਪਣੇ ਵਲ ਖਿੱਚਣ ਲੱਗੇ ਤੇ ਹਿੰਦੁਸਤਾਨ ਸਰਕਾਰ ਦੀਆਂ ਸਿੱਖਾਂ ਪ੍ਰਤੀ ਜ਼ਿਆਦਤੀਆਂ ਨੂੰ ਉਛਾਲਣ ਲੱਗੇ। ਚੀਨ ਨਾਲ ਹੋਈ ਜੰਗ ਦੌਰਾਨ, ਚੀਨ ਵੀ ਸਿੱਖਾਂ ਦੇ ਗੁਣ ਗਾਉਣ ਲੱਗਾ। ਸੋ ਮਜਬੂਰੀ ਵੱਸ, ਪੰਜਾਬੀ ਸੂਬਾ ਦੇਣਾ ਪਿਆ



ਪਰ ਪਹਿਲੇ ਦਿਨ ਹੀ ਗੁਲਜ਼ਾਰੀ ਲਾਲ ਨੰਦਾ ਨੇ ਸਰਕਾਰ ਦੀ ਸੋਚ 'ਹਿੰਦ ਸਮਾਚਾਰ' ਜਲੰਧਰ ਦੇ ਸਾਬਕਾ ਐਡੀਟਰ ਨੂੰ ਖੋਲ੍ਹ ਕੇ ਦਸ ਦਿਤੀ, ''ਫ਼ਿਕਰ ਨਾ ਕਰੋ, ਅਜਿਹਾ ਪੰਜਾਬੀ ਸੂਬਾ ਬਣਾਵਾਂਗੇ ਕਿ ਥੋੜੇ ਸਮੇਂ ਬਾਅਦ ਸਿੱਖ ਆਪ ਹੀ ਕਹਿਣ ਲੱਗ ਜਾਣਗੇ ਕਿ ਇਹਦੇ ਨਾਲੋਂ ਤਾਂ ਅਸੀ ਪਹਿਲਾਂ ਜ਼ਿਆਦਾ ਚੰਗੇ ਸੀ, ਸਾਨੂੰ ਪਹਿਲਾਂ ਵਾਲੀ ਹਾਲਤ ਵਿਚ ਹੀ ਭੇਜ ਦਿਉ।''

ਸੋ ਉਦੋਂ ਤੋਂ ਇਹ ਕੰਮ ਬਾਕਾਇਦਗੀ ਨਾਲ ਕੀਤਾ ਜਾ ਰਿਹਾ ਹੈ ਤਾਕਿ ਸਿੱਖ ਆਪ ਇਹ ਮਤਾ ਪਾਸ ਕਰ ਕੇ ਆਖਣ ਕਿ ''ਸਾਨੂੰ ਪੰਜਾਬੀ ਸੂਬੇ ਤੋਂ ਪਹਿਲਾਂ ਵਾਲੀ ਹਾਲਤ ਵਿਚ ਹੀ ਵਾਪਸ ਭੇਜ ਦਿਉ ਕਿਉਂਕਿ ਸਾਨੂੰ ਪੰਜਾਬੀ ਸੂਬੇ ਦੀ ਕੋਈ ਲੋੜ ਨਹੀਂ ਰਹੀ।'' ਜਿਸ ਸੂਬੇ ਕੋਲੋਂ ਪਾਣੀ ਵੀ ਖੋਹ ਲਉ, ਰਾਜਧਾਨੀ ਵੀ ਖੋਹ ਲਉ, ਜ਼ਮੀਨ ਵੀ ਖੋਂਹਦੇ ਨਜ਼ਰ ਆਉ, ਸੱਭ ਤੋਂ ਪਹਿਲੀ ਯੂਨੀਵਰਸਿਟੀ ਵੀ ਖੋਹ ਲਉ, ਉਸ ਦੇ ਬਾਸ਼ਿੰਦੇ ਕਿਸੇ ਵੇਲੇ ਤੰਗ ਆ ਕੇ ਕਹਿ ਵੀ ਸਕਦੇ ਨੇ ਕਿ ''ਭੱਠ ਪਿਆ ਸੋਨਾ ਜਿਹੜਾ ਕੰਨ ਪਾੜੇ।''

ਚਲੋ ਬਾਕੀ ਗੱਲਾਂ ਬਾਰੇ ਤਾਂ ਅਸੀ ਕਈ


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ



USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration


New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654



# 1393 - 20800 - WESTMINSTER HWY, RICHMOND, BC
Jasbir Singh Badh



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਬਿਨਾਂ ਤਜ਼ਰਬੇ ਵਾਲੇ ਵਰਕਰਜ਼ ਨੂੰ ਹਾਇਰ ਕਰਨ ਲਈ ਵੀ ਤਿਆਰ ਹਨ ਕੈਨੇਡੀਅਨ ਇੰਪਲੌਇਰਜ਼:ਰਿਪੋਰਟ

ਟੋਰਾਂਟੋ:ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਕੈਨੇਡੀਅਨ ਇੰਪਲੌਇਰਜ਼ ਕਿਸੇ ਵੀ ਤਜ਼ਰਬੇ ਤੋਂ ਬਿਨਾਂ ਵਰਕਰਜ਼ ਨੂੰ ਹਾਇਰ ਕਰਨ ਲਈ ਤਿਆਰ ਹਨ। ਅਜਿਹਾ ਲੇਬਰ ਮਾਰਕਿਟ ਵਿੱਚ ਆਈ ਤੰਗੀ ਕਾਰਨ ਕੀਤਾ ਜਾ ਰਿਹਾ ਹੈ।ਅੱਜ ਜਾਰੀ ਕੀਤੀ ਗਈ ਰਿਸਰਚ ਵਿੱਚ ਆਖਿਆ ਗਿਆ ਕਿ ਪਹਿਲਾਂ ਕਈ ਅਹੁਦਿਆਂ ਲਈ ਜਿੱਥੇ ਤਜ਼ਰਬਾ ਤੇ ਸਿੱਖਿਆ ਦੀ ਅਹਿਮ ਥਾਂ ਹੁੰਦੀ ਸੀ ਹੁਣ ਲੇਬਰ ਦੀ ਘਾਟ ਕਾਰਨ ਇਸ ਦੀ ਕੋਈ ਖਾਸ ਅਹਿਮੀਅਤ ਨਹੀਂ ਰਹਿ ਗਈ ਹੈ। ਇੰਪਲੌਇਮੈਂਟ ਵੈੱਬਸਾਈਟ ਇੰਡੀਡ ਲਈ ਸੈਂਸਸਵਾਈਡ ਵੱਲੋਂ ਆਨਲਾਈਨ ਕਰਵਾਏ ਗਏ ਸਰਵੇਖਣ ਵਿੱਚ ਇਹ ਨਤੀਜੇ ਸਾਹਮਣੇ ਆਏ। ਇਸ ਸਰਵੇਖਣ ਵਿੱਚ ਕੈਨੇਡਾ ਭਰ ਦੇ 1,000 ਇੰਪਲੌਇਰਜ਼ ਨੇ ਹਿੱਸਾ ਲਿਆ।ਸਰਵੇਖਣ ਵਿੱਚ ਪਾਇਆ ਗਿਆ ਕਿ 77 ਫੀ ਸਦੀ ਕੈਨੇਡੀਅਨ ਇੰਪਲੌਇਰਜ਼ ਅਜਿਹੇ ਉਮੀਦਵਾਰਾਂ ਨੂੰ ਨੌਕਰੀ ਦੇਣੀ ਚਾਹੁੰਦੇ ਹਨ ਜਿਨ੍ਹਾਂ ਦੇ ਇੰਟਰਪਰਸਨਲ ਸਕਿੱਲਜ਼ ਵਧੀਆ ਹੋਣ ਤੇ ਜਿਨ੍ਹਾਂ ਵਿੱਚ ਕੁੱਝ ਨਵਾਂ ਸਿੱਖਣ ਦੀ ਚਾਹ ਹੋਵੇ। ਇਹ ਵੀ ਪਾਇਆ ਗਿਆ ਕਿ ਪੰਜ ਵਿੱਚੋਂ ਚਾਰ ਇੰਪਲੌਇਰਜ਼ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕੰਪਨੀ ਉਨ੍ਹਾਂ ਬਿਨੈਕਾਰਾਂ ਨੂੰ ਹਾਇਰ ਕਰਨ ਉੱਤੇ ਵਿਚਾਰ ਕਰੇਗੀ ਜਿਨ੍ਹਾਂ ਕੋਲ ਨੌਕਰੀ ਲਈ ਕੋਈ ਡਿਗਰੀ ਜਾਂ ਸਰਟੀਫਿਕੇਸ਼ਨ ਨਾ ਹੋਵੇ ਸਗੋਂ ਉਨ੍ਹਾਂ ਵੱਲੋਂ ਨਵੇਂ ਵਰਕਰਜ਼ ਨੂੰ ਕੰਮ ਉੱਤੇ ਮੁਹੱਈਆ ਕਰਵਾਈ ਜਾਣ ਵਾਲੀ ਟਰੇਨਿੰਗ ਦੇ ਉਹ ਚਾਹਵਾਨ ਹੋਣ।ਉਮੀਦਵਾਰਾਂ ਨੂੰ ਲੱਭਣ ਵਿੱਚ ਪੇਸ਼ ਆ ਰਹੀਆਂ ਚੁਣੌਤੀਆਂ ਕਾਰਨ ਸਰਵੇਖਣ ਵਿੱਚ ਪਾਇਆ ਗਿਆ ਕਿ ਇੰਪਲੌਇਰਜ਼ ਤਜਰਬੇ ਵਾਲੇ ਨੁਕਤੇ ਨੂੰ ਵੀ ਪਾਸੇ ਰੱਖਣ ਲਈ ਤਿਆਰ ਹਨ।

☞ ਵਾਰ ਵਿਚਾਰ ਚਰਚਾ ਕਰ ਚੁੱਕੇ ਹਾਂ ਪਰ ਇਹ ਯੂਨੀਵਰਸਟੀ ਖੋਹਣ ਪਿੱਛੇ ਦਾ ਰਹੱਸ ਕੀ ਹੈ? ਉਨ੍ਹਾਂ ਦੀਆਂ ਖ਼ੁਫ਼ੀਆ ਏਜੰਸੀਆਂ ਦੀਆਂ ਰੀਪੋਰਟਾਂ ਹਨ ਕਿ ਪੰਜਾਬ ਦੀਆਂ ਸਾਰੀਆਂ ਯੂਨੀਵਰਸਟੀਆਂ ਵਿਚੋਂ ਪੰਜਾਬ ਯੂਨੀਵਰਸਟੀ ਹੀ ਇਕ ਅਜਿਹੀ ਯੂਨੀਵਰਸਟੀ ਹੈ ਜਿਥੋਂ ਦੇ ਨੌਜੁਆਨ, ਪੰਜਾਬ ਤੇ ਪੰਜਾਬੀ ਲਈ ਸੱਭ ਤੋਂ ਜ਼ਿਆਦਾ ਸੁਚੇਤ ਹਨ ਤੇ ਇਨ੍ਹਾਂ ਨੂੰ ਦਬਾਉਣ ਲਈ ‘ਪੰਜਾਬ’ ਯੂਨੀਵਰਸਟੀ, ਪੰਜਾਬ ਦੇ ਅਧੀਨ ਨਹੀਂ, ਕੇਂਦਰ ਦੇ ਅਧੀਨ ਹੋਣੀ ਚਾਹੀਦੀ ਹੈ।ਹੋ ਸਕਦਾ ਹੈ, ਕੇਂਦਰੀਕਰਨ ਮਗਰੋਂ ਇਸ ਦਾ ਨਾਂ ਵੀ ਬਦਲ ਦੇਣ (ਜਿਵੇਂ ਦਿਆਲ ਸਿੰਘ ਕਾਲਜ ਦਾ ਇਕ ਵਾਰ ਤਾਂ ਬਦਲ ਹੀ ਦਿਤਾ ਸੀ। ਸੋ ਕਾਫ਼ੀ ਦੇਰ ਤੋਂ ਇਸ ਯੂਨੀਵਰਸਟੀ ਨੂੰ ਬਾਹਰੀ ਵਿਦਵਾਨਾਂ ਦੇ ਹੱਥਾਂ ਵਿਚ ਦੇ ਕੇ ਪੰਜਾਬੀ ਵਿਦਵਤਾ ਨੂੰ ਨਜ਼ਰ-ਅੰਦਾਜ਼ ਕਰਨ ਦਾ ਪ੍ਰੋਗਰਾਮ ਚਲ ਰਿਹਾ ਹੈ। ਮੈਂ ਆਪ ਇਸੇ ਯੂਨੀਵਰਸਟੀ ਤੋਂ ਦਸਵੀਂ, ਬੀ.ਏ., ਐਲ.ਐਲ.ਬੀ. (ਕਾਨੂੰਨ) ਦੀ ਪੜ੍ਹਾਈ ਕੀਤੀ ਹੈ। ਇਸ ਯੂਨੀਵਰਸਟੀ ਨੂੰ ਹੇਠਾਂ ਤੋਂ ਹੇਠਾਂ ਜਾਂਦੀ ਵੇਖ ਕੇ ਮੈਨੂੰ ਬਹੁਤ ਦੁਖ ਲਗਦਾ ਹੈ। ਮੈਂ ਇਸ ਯੂਨੀਵਰਸਟੀ ਦੇ ਹੋਸਟਲਾਂ ਵਿਚ ਰਹਿ ਕੇ ਪੜ੍ਹਿਆ ਹਾਂ, ਇਸ ਦੇ ਕਿਣਕੇ ਕਿਣਕੇ ਨੂੰ ਪਿਆਰ ਕਰਦਾ ਹਾਂ। ਮੈਂ ਇਥੇ ਪਿਆਰ ਬੀਜਿਆ, ਪਿਆਰ ਦੀ ਫ਼ਸਲ ਵੱਢੀ, ਉਹ ਦੋਸਤੀਆਂ ਬਣਾਈਆਂ ਜੋ ਬਹੁਤ ਸਮਾਂ ਪਹਿਲਾਂ ‘ਮਰ ਚੁਕੀਆਂ’ ਹੋਣ ਦੇ ਬਾਵਜੂਦ, ਯੂਨੀਵਰਸਟੀ ਦੀ ਸੜਕ ’ਤੇ ਪੈਰ ਰਖਦਿਆਂ ਹੀ ਜੀਵਤ ਹੋ ਜਾਂਦੀਆਂ ਹਨ ਤੇ ਲਗਦਾ ਹੈ, ਉਹ ਮੈਨੂੰ ਜੱਫੀ ਵਿਚ ਲੈਣ ਲਈ ਮੇਰੇ ਵਲ ਦੌੜ ਰਹੀਆਂ ਹਨ।ਪਰ ਮਨ ਬੜਾ ਦੁਖੀ ਹੁੰਦਾ ਹੈ ਜਦ ਗ਼ੈਰ ਪੰਜਾਬੀ ਪ੍ਰਬੰਧਕ ਬਾਹਰੋਂ ਆ ਕੇ ਇਸ ਨੂੰ ਕੇਂਦਰ ਦੇ ਹਵਾਲੇ ਕਰਨ ਤੇ ਪੰਜਾਬ ਦਾ ਹੱਕ ਮਾਰਨ ਦੀ ਗੱਲ ਕਰਦੇ ਹਨ। ਰੁਕ ਜਾਉ ਭਰਾਉ ਵਰਨਾ ਪੰਜਾਬ ਇਹ ਧੱਕਾ ਸਹਿਣ ਨਹੀਂ ਕਰ ਸਕੇਗਾ। ਊਠ ਦੀ ਪਿੱਠ ’ਤੇ ਪਹਿਲਾਂ ਹੀ ਬਹੁਤ ਭਾਰ ਲੱਦ ਚੁੱਕੇ ਹਾਂ, ਉਹ ਆਖ਼ਰੀ ਤੀਲਾ ਨਾ ਰਖਣਾ ਜਿਸ ਦੇ ਭਾਰ ਹੇਠ ਉਹ ਆਪ ਵੀ ਡਿਗ ਪਵੇਗਾ ਤੇ ਉਪਰ ਲੱਦੇ ਸੱਭ ਕੁੱਝ ਨੂੰ ਵੀ ਮਿੱਟੀ ਵਿਚ ਮਿਲਾ ਦੇਵੇਗਾ।

**-ਸਪੋਕਸਮੈਨ ਚੰਡੀਗੜ੍ਹ**

# ਭਾਰਤ:ਕਾਲਾ ਧਨ ਦੂੱਗਣਾ ਹੋਇਆ

ਦਿੱਲੀ:-2014 ਦੀਆਂ ਲੋਕ ਸਭਾ ਚੋਣਾਂ ਦੇ ਚੋਣ ਪ੍ਰਚਾਰ ਦੌਰਾਨ ਨਰਿੰਦਰ ਮੋਦੀ ਵਿਦੇਸ਼ੀ ਬੈਂਕਾਂ ਵਿੱਚ ਭਾਰਤੀਆਂ ਦੇ ਜਮ੍ਹਾਂ ਕਾਲੇ ਧਨ ਦਾ ਮੁੱਦਾ ਜੋਰ-ਸ਼ੋਰ ਨਾਲ ਚੁੱਕਦੇ ਤੇ ਕਾਂਗਰਸ ਨੂੰ ਇਸ ਲਈ ਜ਼ਿੰਮੇਵਾਰ ਦੱਸਦੇ ਰਹੇ ਸਨ।ਇੱਕ ਚੋਣ ਰੈਲੀ ਵਿੱਚ ਤਾਂ ਉਨ੍ਹਾ ਇਹ ਵੀ ਕਹਿ ਦਿੱਤਾ ਸੀ ਕਿ ਉਨ੍ਹਾ ਦੀ ਸਰਕਾਰ ਆ ਜਾਣ ਉੱਤੇ ਇਹ ਸਾਰਾ ਪੈਸਾ ਵਾਪਸ ਲਿਆਉਣਗੇ ਤੇ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾ ਦੇਣਗੇ।ਪ੍ਰੰਤੂ ਨਾ ਉਹ ਕਾਲਾ ਧਨ ਵਾਪਸ ਲਿਆ ਸਕੇ ਤੇ ਨਾ ਕਿਸੇ ਦੇ ਖਾਤੇ ਵਿੱਚ ਧੇਲਾ ਪਾ ਸਕੇ।ਉਲਟਾ ਨਰਿੰਦਰ ਮੋਦੀ ਦੀ ਸਰਕਾਰ ਦੇ ਅੱਠ ਸਾਲਾਂ ਦੌਰਾਨ ਸਵਿਸ ਬੈਂਕਾਂ ਵਿੱਚ ਜਮ੍ਹਾਂ ਭਾਰਤੀਆਂ ਦੀ ਰਕਮ ਹਰ ਸਾਲ ਵਧਦੀ ਹੀ ਗਈ ਹੈ।ਸਰਵਿਸ ਬੈਂਕਾਂ ਵੱਲੋਂ ਹੁਣੇ ਜਿਹੇ ਜਾਰੀ ਅੰਕੜਿਆਂ ਮੁਤਾਬਕ ਭਾਰਤੀਆਂ ਵੱਲੋਂ ਜਮ੍ਹਾਂ ਰਕਮ ਦੁੱਗਣੀ ਹੋ ਚੁੱਕੀ ਹੈ ਤੇ ਇਹ ਪਿਛਲੇ 14 ਸਾਲਾਂ ਦੇ ਅੰਕੜਿਆਂ ਮੁਤਾਬਕ ਸਭ ਤੋਂ ਉੱਚਾ ਪੱਧਰ ਹੈ।ਇਸ ਤੋਂ ਪਹਿਲਾਂ ਸਾਲ 2020 ਵਿੱਚ ਸਵਿਸ ਬੈਂਕਾਂ ਵਿੱਚ ਭਾਰਤੀਆਂ ਦਾ ਜਮ੍ਹਾਂ ਧਨ 20,700 ਕਰੋੜ ਰੁਪਏ ਸੀ । ਇਸ ਤੋਂ ਇਲਾਵਾ ਬੱਚਤ ਖਾਤਿਆਂ ਵਿੱਚ ਜਮ੍ਹਾਂ ਰਕਮ 4800 ਕਰੋੜ ਰੁਪਏ ਹੋ ਗਈ ਸੀ । ਹੁਣ ਜਾਰੀ ਅੰਕੜਿਆਂ ਅਨੁਸਾਰ 2021 ਦੇ ਅੰਤ ਤੱਕ ਭਾਰਤੀਆਂ ਦੀ ਕੁੱਲ ਜਮ੍ਹਾਂ ਰਕਮ 30500 ਕਰੋੜ ਰੁਪਏ ਹੋ ਚੁੱਕੀ ਹੈ । ਸਵਿਸ ਬੈਂਕ ਨੇ ਕਿਹਾ ਹੈ ਕਿ ਸਭ ਤੋਂ ਵੱਧ ਰਕਮ ਬਾਂਡਸ ਤੇ ਹੋਰ ਸਾਧਨਾਂ ਰਾਹੀਂ ਜਮ੍ਹਾਂ ਕੀਤੀ ਗਈ ਹੈ, ਜੋ ਤਕਰੀਬਨ 16000 ਕਰੋੜ ਰੁਪਏ ਹੈ।ਭਾਰਤੀਆਂ ਦੀ ਸਭ ਤੋਂ ਵੱਧ ਜਮ੍ਹਾਂ ਰਕਮ 2006 ਵਿੱਚ 52000 ਕਰੋੜ ਰੁਪਏ ਸੀ । ਇਸ ਤੋਂ ਬਾਅਦ ਇਸ ਵਿੱਚ ਗਿਰਾਵਟ ਆਈ, ਪਰ ਮੋਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਵਿੱਚ ਵਾਧਾ ਹੁੰਦਾ ਗਿਆ ਸੀ । ਇਸ ਦੌਰਾਨ ਕੋਰੋਨਾ ਕਾਲ ਸਮੇਂ 2019 ਤੇ 2020 ਵਿੱਚ ਇਸ ਵਿੱਚ ਗਿਰਾਵਟ ਆਈ ਪਰ 2021 ਵਿੱਚ ਫਿਰ ਵਾਧੇ ਨੇ ਰਫ਼ਤਾਰ ਫੜ ਲਈ ਹੈ।ਭਾਰਤ ਸਰਕਾਰ ਕੋਲ ਸਵਿਸ ਸਰਕਾਰ ਵੱਲੋਂ ਮਿਲੇ ਭਾਰਤੀ ਖਾਤਾ ਧਾਰਕਾਂ ਦੇ ਵੇਰਵੇ ਮੌਜੂਦ ਹਨ, ਪਰ ਸਰਕਾਰ ਇਨ੍ਹਾਂ ਦੇ ਨਾਂਅ ਨਸ਼ਰ ਕਰਨ ਤੋਂ ਕੰਨੀ ਕਤਰਾਉਂਦੀ ਰਹੀ ਹੈ।ਹੋ ਸਕਦਾ ਹੈ ਇਨ੍ਹਾਂ ਨਾਵਾਂ ਵਿੱਚ ਕੁਝ ਕਾਰਪੋਰੇਟ ਮਿੱਤਰਾਂ ਦਾ ਵੀ ਨਾਂਅ ਬੋਲਦਾ ਹੋਵੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਸਭ ਭਾਰਤੀਆਂ ਦੇ ਨਾਂਅ ਸਾਹਮਣੇ ਲਿਆਵੇ, ਜਿਨ੍ਹਾਂ ਦੇ ਸਵਿਸ ਬੈਂਕਾਂ ਵਿੱਚ ਖਾਤੇ ਹਨ । ਬੁੱਕਲ ਵਿੱਚ ਰੋੜੀ ਭੰਨਣਾ ਸਿਰੇ ਦੀ ਸਿਆਸੀ ਬੇਈਮਾਨੀ ਹੈ।-ਨਵਾਂ ਜ਼ਮਾਨਾ

# ਅਰਜ਼ੀਆਂ ਦਾ ਬੈਕਲਾਗ 24 ਲੱਖ ਤੋਂ ਟੱਪਿਆ

## ਕੈਨੇਡਾ ਦੀ ਧੀਮੀ ਇੰਮੀਗ੍ਰੇਸ਼ਨ ਪ੍ਰਕਿਰਿਆ ’ਚ ਉਲਝੇ 7 ਲੱਖ ਭਾਰਤੀ

ਟੋਰਾਂਟੋ: ਕੈਨੇਡਾ ’ਚ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ 24 ਲੱਖ ਤੋਂ ਟੱਪ ਚੁੱਕਾ ਹੈ। ਇਨ੍ਹਾਂ ਵਿੱਚ 7 ਲੱਖ ਭਾਰਤੀ ਸ਼ਾਮਲ ਹਨ, ਜਿਹੜੇ ਲੰਬੇ ਸਮੇਂ ਤੋਂ ਲਾਈਨ ਵਿੱਚ ਲੱਗੇ ਹੋਏ ਨੇ ਅਤੇ ਉਡੀਕ ਕਰ ਰਹੇ ਨੇ ਕਿ ਉਨ੍ਹਾਂ ਦੀ ਕਾਗਜ਼ੀ ਪ੍ਰਕਿਰਿਆ ਕਦੋਂ ਮੁਕੰਮਲ ਹੋਵੇਗੀ। ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਭੰਡਾਰ ਲਗਦਾ ਜਾ ਰਿਹਾ ਹੈ।ਵੱਡੇ-ਵੱਡੇ ਕਾਰੋਬਾਰੀਆਂ ਤੋਂ ਲੈ ਕੇ ਆਮ ਸੈਲਾਨੀਆਂ ਤੱਕ, ਇੱਕ ਲੰਮਾ ਕੈਨੇਡੀਅਨ ਇੰਮੀਗ੍ਰੇਸ਼ਨ ਅਤੇ ਵੀਜ਼ਾ ਬੈਕਲਾਗ ਬਹੁਤ ਸਾਰੇ ਲੋਕਾਂ ਨੂੰ ਕੈਨੇਡਾ ਦੀ ਯਾਤਰਾ ਕਰਨ ਤੋਂ ਰੋਕ ਰਿਹਾ ਹੈ। ਇਸ ਕਾਰਨ ਦੇਸ਼ ਨੂੰ ਸੈਰ-ਸਪਾਟਾ ਖੇਤਰ ਰਾਹੀਂ ਹੋਣ ਵਾਲੀ ਆਮਦਨੀ ਦਾ ਵੀ ਨੁਕਸਾਨ ਝੱਲਣਾ ਪੈ ਰਿਹਾ ਹੈ। ਬਹੁਤ ਸਾਰੇ ਲੋਕ ਇੰਮੀਗ੍ਰੇਸ਼ਨ ਅਰਜ਼ੀਆਂ ਤੇ ਵੀਜ਼ਾ ਪ੍ਰਕਿਰਿਆ ਦੇ ਮੁਕੰਮਲ ਹੋਣ ਦੀ ਉਡੀਕ ਕਰ ਰਹੇ ਨੇ, ਜਿਨ੍ਹਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਭਾਰਤੀ ਸ਼ਾਮਲ ਹਨ।ਇਸੇ ਤਰ੍ਹਾਂ ਦਿੱਲੀ ਦੇ ਫਾਈਨੈਂਸ਼ੀਅਲ ਐਡਵਾਇਜ਼ਰ ਗੌਰਵ ਨੇ ਕੈਨੇਡਾ ’ਚ ਆਪਣੇ ਇੱਕ ਪਰਿਵਾਰਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਵਿਜ਼ਟਰ ਵੀਜ਼ਾ ਲਈ ਅਪਲਾਈ ਕੀਤਾ ਸੀ। ਇਸ ਦੇ ਲਈ ਉਸ ਨੇ ਬੀਤੇ ਦਸੰਬਰ ਮਹੀਨੇ ਵਿੱਚ ਅਰਜ਼ੀ ਜਮ੍ਹਾ ਕਰਵਾ ਦਿੱਤੀ ਸੀ, ਜਿਸ ਦੀ ਹੁਣ ਤੱਕ ਪੜਤਾਲ ਪ੍ਰਕਿਰਿਆ ਮੁਕੰਮਲ ਨਹੀਂ ਹੋਈ।ਇਸ ਤੋਂ ਇਲਾਵਾ ਸਾਬਕਾ ਐਫ਼-1 ਡਰਾਈਵਰ ਕਰੁਣ ਚੰਦੋਕ ਨੇ ਇਸ ਹਫ਼ਤੇ ਦੇ ਅੰਤ ਵਿੱਚ ਮੌਂਟਰੀਅਲ ਗ੍ਰਾਂ ਪ੍ਰੀ ਲਈ ਕੈਨੇਡਾ ਜਾਣਾ ਸੀ। ਉਸ ਦੇ 10 ਸਾਲ ਦੇ ਵਿਜ਼ਟਰ ਵੀਜ਼ੇ ਦੀ ਮਿਆਦ ਪਿਛਲੇ ਸਾਲ ਦਸੰਬਰ ਵਿੱਚ ਖਤਮ ਹੋ ਗਈ ਸੀ, ਜਿਸ ਦੇ ਨਵੀਨੀਕਰਨ ਲਈ ਉਸ ਨੇ ਕਈ ਮਹੀਨੇ ਪਹਿਲਾਂ ਅਰਜ਼ੀ ਦੇ ਦਿੱਤੀ ਸੀ, ਪਰ ਹੁਣ ਤੱਕ ਉਸ ਦੀ ਕਾਗਜ਼ੀ ਕਾਰਵਾਈ ਮੁਕੰਮਲ ਨਹੀਂ ਹੋਈ।






# 1 ਜੁਲਾਈ ਤੋਂ ਪੰਜਾਬ 'ਚ ਮੁਫ਼ਤ ਹੋਵੇਗੀ ਬਿਜਲੀ
# ਚਾਹੇ ਆਪਣਾ ਜਾਂ ਪਰਾਇਆ ਭ੍ਰਿਸ਼ਟਾਚਾਰੀ ਨੂੰ ਨਹੀਂ ਛੱਡਾਂਗੇ:ਅਰਵਿੰਦ ਕੇਜਰੀਵਾਲ

ਸੰਗਰੂਰ: – ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਗੁਰਮੇਲ ਸਿੰਘ ਦੇ ਹੱਕ 'ਚ 'ਆਪ' ਸੁਪਰੀਮੋਂ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਰੋਡ ਸ਼ੋਅ ਦਾ ਲੋਕਾਂ ਨੇ ਜਬਰਦਸਤ ਸਮਰਥਨ ਕੀਤਾ। ਰੋਡ ਸ਼ੋਅ ਦੌਰਾਨ ਸੰਗਰੂਰ ਤੋਂ ਲੈ ਕੇ ਬਰਨਾਲਾ ਤੱਕ ਲੋਕਾਂ ਵਿੱਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਲੋਕਾਂ ਨੇ ਦੋਵਾਂ ਆਗੂਆਂ ਦਾ ਫੁੱਲ ਵਰਸਾ ਕੇ ਥਾਂ ਥਾਂ ਸਵਾਗਤ ਕੀਤਾ।ਲੋਕਾਂ ਨੂੰ ਸੰਬੋਧਨ ਕਰਦਿਆਂ 'ਆਪ' ਸੁਪਰੀਮੋਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ 'ਚੋਂ ਭ੍ਰਿਸ਼ਟਾਚਾਰ ਦਾ ਸਫਾਇਆ ਕਰ ਰਹੀ ਹੈ। ਭ੍ਰਿਸ਼ਟਾਚਾਰ ਦੇ ਨਾਲ ਕੋਈ ਸਮਝੌਤਾ ਨਹੀਂ ਕਰ ਸਕਦੇ। ਭ੍ਰਿਸ਼ਟਾਚਾਰ ਕਰਨ ਵਾਲਾ ਆਪਣਾ ਹੋਵੇ ਜਾਂ ਪਰਾਇਆ, ਕਿਸੇ ਨੂੰ ਵੀ ਨਹੀਂ ਛੱਡਾਂਗੇ।ਕੇਜਰੀਵਾਲ ਨੇ ਕਿਹਾ ਕਿ ਸਾਡਾ ਆਪਣਾ ਇੱਕ ਮੰਤਰੀ ਭ੍ਰਿਸ਼ਟਾਚਾਰ ਕਰਦਾ ਫੜਿਆ ਗਿਆ, ਮੁੱਖ ਮੰਤਰੀ ਭਗਵੰਤ ਮਾਨ ਨੇ ਉਸ ਨੂੰ ਤੁਰੰਤ ਮੰਤਰੀ ਮੰਡਲ ਤੋਂ ਬਰਖਾਸਤ ਕੀਤਾ ਅਤੇ ਜੇਲ੍ਹ ਭੇਜ ਦਿੱਤਾ। ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਦੇ ਭ੍ਰਿਸ਼ਟਾਚਾਰ ਦੀ ਵੀ ਜਾਂਚ ਕਰਵਾ ਰਹੇ ਹਾਂ, ਜਿਹੜਾ ਵੀ ਭ੍ਰਿਸ਼ਟਾਚਾਰ ਦਾ ਦੋਸ਼ੀ ਪਾਇਆ ਜਾਵੇਗਾ, ਉਸ ਨੂੰ ਜੇਲ੍ਹ ਭੇਜਿਆ ਜਾਵੇਗਾ। ਆਪਣੇ ਚੋਣਾਵੀਂ ਵਾਅਦਿਆਂ ਬਾਰੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੇ ਦਿਨ ਤੋਂ ਹੀ ਉਨ੍ਹਾਂ ਵੱਲੋਂ ਦਿੱਤੀਆਂ ਗਰੰਟੀਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।ਇੱਕ ਜੁਲਾਈ ਤੋਂ ਪੂਰੇ ਪੰਜਾਬ ਵਿੱਚ ਬਿਜਲੀ ਮੁਫ਼ਤ ਹੋਣ ਜਾ ਰਹੀ ਹੈ।

freshpoint

NOW HIRING

HIRING FULL TIME DRIVERS AND WAREHOUSE WORKERS in Vancouver and Richmond!
Day and night shifts are available.

**FreshPoint Vancouver – Fresh Produce Distributor and Processor.**

We offer **comprehensive compensation, benefits (extended health and dental, company pension),** and **career advancement opportunities.**

**Opportunities:**
- ***Class 3, 5 Ton (with air brakes) and Van Delivery Drivers**
- ***Food Production Worker** (AM and PM shift)
- ***Warehouse Shippers/ Receivers** (Day and Night shift)

Visit us at **www.freshpointcanada.com/careers** for all vacancies!

**Interested candidates, please contact us at 604-258-7621**

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

H.M.S. Accounting & Tax Services Ltd.
hmsaccounting@gmail.com

Over 35 Yrs Experience
Expert in Quickbook Training
WCB, PST, GST, Personal & Corporate Taxes & Registration of sole proprietorship and new corporate companies
ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:
Contact us for Resume Making, EI Internet filing, Passport Applications, PR cards and all other type of applications.
ਅਸੀਂ ਪਰਨਸਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ
Personal Tax e-filing for just $25
Call Manvir Singh
604-360-7241
#106-12414-82 Ave Surrey

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਦੇਸ਼ ਫੌਜ ਦੇ ਸਿਆਸੀਕਰਨ ਵੱਲ ਵਧ ਰਿਹੈ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਜਦੋਂ ਤੋਂ ਭਾਜਪਾ ਨੇ ਸੱਤਾ ਸੰਭਾਲੀ ਹੈ, ਇਸ ਨੇ ਦੇਸ਼ ਦੀਆਂ ਸਭ ਲੋਕਤੰਤਰੀ ਸੰਸਥਾਵਾਂ ਦਾ ਸਿਆਸੀਕਰਨ ਕਰ ਦਿੱਤਾ ਹੈ। ਪੁਲਸ, ਪ੍ਰਸ਼ਾਸਨ ਤੇ ਮੀਡੀਆ ਤੋਂ ਬਾਅਦ ਇਸ ਨੇ ਭਾਰਤੀ ਫੌਜ ਨੂੰ ਵੀ ਆਪਣੇ ਸਿਆਸੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ । ਦੇਸ਼ ਦੀ ਫੌਜ ‘ਤੇ ਸਮੁੱਚੇ ਦੇਸ਼ ਵਾਸੀ ਗੌਰਵ ਕਰਦੇ ਹਨ। ਇਹ ਵਿਵਸਥਾ ਦਾ ਤਾਂ ਅੰਗ ਹੁੰਦੀ ਹੈ, ਪਰ ਕਿਸੇ ਇੱਕ ਪਾਰਟੀ ਦੀ ਪਿਛਲੱਗ ਨਹੀਂ ਹੁੰਦੀ। ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਨੇ ਆਪਣੇ ਸਿਆਸੀ ਲਾਹੇ ਲਈ ਫੌਜ ਦੇ ਨਾਂਅ ਦੀ ਦੁਰਵਰਤੋਂ ਦਾ ਕੋਈ ਵੀ ਮੌਕਾ ਨਹੀਂ ਜਾਣ ਦਿੱਤਾ। ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਇਸ ਨੇ ਫੌਜ ਵੱਲੋਂ ਕੀਤੀ ਗਈ ਏਅਰ ਸਟ੍ਰਾਈਕ ਨੂੰ ਆਪਣੇ ਚੋਣ ਪ੍ਰਚਾਰ ਵਿੱਚ ਜ਼ੋਰ-ਸ਼ੋਰ ਨਾਲ ਵਰਤਿਆ। ਇਥੋਂ ਤੱਕ ਕਿ ਇਸ ਦੇ ਕੁਝ ਆਗੂਆਂ ਨੇ ਸੈਨਾ ਨੂੰ ਭਾਰਤੀ ਫੌਜ ਕਹਿਣ ਦੀ ਥਾਂ ਮੋਦੀ ਦੀ ਸੈਨਾ ਤੱਕ ਕਿਹਾ।

ਹੁਣ ਜਦੋਂ ਕੇਂਦਰੀ ਰੱਖਿਆ ਮੰਤਰੀ ਨੇ ‘ਅਗਨੀਪੱਥ ਯੋਜਨਾ’ ਦਾ ਐਲਾਨ ਕੀਤਾ ਤੇ ਇਸ ਪਿੱਛੋਂ ਸਾਰੇ ਦੇਸ਼ ਦੇ ਨੌਜਵਾਨਾਂ ਵਿੱਚ ਗੁੱਸੇ ਦੀ ਲਹਿਰ ਫੈਲ ਗਈ ਤਾਂ ਹਾਕਮਾਂ ਨੇ ਫੌਜ ਦੇ ਜਰਨੈਲਾਂ ਨੂੰ ਅੱਗੇ ਕਰ ਦਿੱਤਾ। ਇਸ ਮੌਕੇ ਉੱਤੇ ਲੈਫਟੀਨੈਂਟ ਜਨਰਲ ਅਨਿਲ ਪੁਰੀ, ਏਅਰ ਮਾਰਸ਼ਲ ਐੱਸ ਕੇ ਝਾਅ ਤੇ ਵਾਈਸ ਐਡਮਿਰਲ ਦਿਨੇਸ਼ ਤ੍ਰਿਪਾਠੀ ਨੇ ਮੋਰਚਾ ਸੰਭਾਲਦਿਆਂ ਅਗਨੀਪੱਥ ਦੇ ਬਚਾਅ ਵਿੱਚ ਉਹ ਤੱਥ ਪੇਸ਼ ਕੀਤੇ, ਜਿਹੜੇ ਰੱਖਿਆ ਮੰਤਰੀ ਰਾਜਨਾਥ ਨੂੰ ਪੇਸ਼ ਕਰਨੇ ਚਾਹੀਦੇ ਸਨ। ਲੈਫਟੀਨੈਂਟ ਜਨਰਲ ਅਨਿਲ ਪੁਰੀ ਨੇ ਕਿਹਾ ਕਿ ਅਗਨੀਪੱਥ ਯੋਜਨਾ ਬਾਰੇ ਲੰਮੇ ਸਮੇਂ ਤੋਂ ਤਿਆਰੀ ਚੱਲ ਰਹੀ ਸੀ, ਤਾਂ ਕਿ ਫੌਜ ਵਿੱਚ ਸ਼ਾਮਲ ਵਿਅਕਤੀਆਂ ਦੀ ਔਸਤ ਉਮਰ ਘੱਟ ਕੀਤੀ ਜਾ ਸਕੇ । ਜੇਕਰ ਉਨ੍ਹਾ ਦੀ ਇਸ ਗੱਲ ਨੂੰ ਸੱਚ ਮੰਨ ਲਿਆ ਜਾਵੇ ਤਾਂ ਸਵਾਲ ਇਹ ਉਠਦਾ ਹੈ ਕਿ ਫਿਰ 2021 ਵਿੱਚ ਭਰਤੀ ਕੈਂਪ ਲਾ ਕੇ ਨੌਜਵਾਨਾਂ ਦੇ ਫਿਜ਼ੀਕਲ ਟੈਸਟ ਕਿਉਂ ਲਏ ਗਏ ਸਨ। ਕੀ ਇਹ ਫੌਜ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਨੌਜਵਾਨਾਂ ਨਾਲ ਕੋਝਾ ਮਜ਼ਾਕ ਨਹੀਂ ਸੀ । ਸੰਵਿਧਾਨ ਵਿੱਚ ਸੈਨਾਵਾਂ ਨੂੰ ਇੱਕ ਹੱਦ ਤੱਕ ਖੁਦਮੁਖਤਿਆਰੀ ਹਾਸਲ ਹੁੰਦੀ ਹੈ। ਇਸ ਪ੍ਰੈੱਸ ਕਾਨਫਰੰਸ ਰਾਹੀਂ ਜਨਰਲਾਂ ਨੇ ਇਸ ਖੁਦਮੁਖਤਿਆਰੀ ਨੂੰ ਢਾਹ ਲਾਈ ਹੈ।

ਲੈਫਟੀਨੈਂਟ ਜਨਰਲ ਅਨਿਲ ਪੁਰੀ ਨੇ ਭਾਜਪਾ ‘ਤੇ ਲੱਗ ਰਹੇ ਇਸ ਦੋਸ਼ ਦਾ ਕਿ ਉਸ ਨੇ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਇਹ ਯੋਜਨਾ ਲਿਆਂਦੀ ਹੈ, ਦਾ ਵੀ ਆਪਣੇ ਤਰੀਕੇ ਨਾਲ ਬਚਾਅ ਕੀਤਾ। ਉਨ੍ਹਾਂ ਕਿਹਾ ਕਿ ਦੋ ਬਿਆਨ ਦਿੱਤੇ ਗਏ ਸਨ, ਇੱਕ ਵੱਖ-ਵੱਖ ਕੇਂਦਰੀ ਵਿਭਾਗਾਂ ‘ਚ 10 ਲੱਖ ਖਾਲੀ ਅਸਾਮੀਆਂ ਪੁਰ ਕਰਨਾ ਤੇ ਦੂਜਾ ਅਗਨੀਪੱਥ ਯੋਜਨਾ ਬਾਰੇ। ਉਨ੍ਹਾਂ ਕਿਹਾ ਕਿ ਅਗਲੇ ਦੋ-ਤਿੰਨ ਸਾਲਾਂ ਵਿੱਚ ਮਸਾਂ 50 ਹਜ਼ਾਰ ਅਗਨੀਵੀਰ ਭਰਤੀ ਕੀਤੇ ਜਾ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਟਰੇਨਿੰਗ ਦੇਣ ਲਈ ਸਾਜ਼ੋ-ਸਮਾਨ ਦਾ ਵੀ ਪ੍ਰਬੰਧ ਕਰਨਾ ਹੈ।

ਲੈਫਟੀਨੈਂਟ ਜਨਰਲ ਅਨਿਲ ਪੁਰੀ ਦਾ ਰਵੱਈਆ ਧਮਕੀ ਭਰਿਆ ਸੀ। ਉਨ੍ਹਾਂ ਕਿਹਾ ਕਿ ਇਸ ਯੋਜਨਾ ਵਿੱਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ, ਜਿਹੜੇ ਅੰਦੋਲਨ ਕਰ ਰਹੇ ਹਨ। ਅਗਨਵੀਰ ਬਣਨ ਵਾਲੇ ਹਰ ਨੌਜਵਾਨ ਨੂੰ ਇਹ ਐਫੀਡੈਵਿਟ ਦੇਣਾ ਪਵੇਗਾ ਕਿ ਉਸ ਨੇ ਪ੍ਰਦਰਸ਼ਨਾਂ ਤੇ ਭੰਨਤੋੜ ਵਿੱਚ ਹਿੱਸਾ ਨਹੀਂ ਲਿਆ। ਇਸ ਬਾਰੇ ਪੁਲਸ ਤੋਂ ਵੀ ਵੈਰੀਫਿਕੇਸ਼ਨ ਕਰਾਇਆ ਜਾਵੇਗਾ । ਜਨਰਲ ਪੁਰੀ ਸ਼ਾਇਦ ਇਹ ਭੁੱਲ ਗਏ ਕਿ ਆਪਣੇ ਹੱਕਾਂ ਲਈ ਅੰਦੋਲਨ ਕਰਨ ਦਾ ਅਧਿਕਾਰ ਹਰ ਭਾਰਤੀ ਨੂੰ ਸੰਵਿਧਾਨ ਰਾਹੀਂ ਮਿਲਿਆ ਹੋਇਆ ਹੈ।

ਅਨਿਲ ਪੁਰੀ ਨੂੰ ਪੁਲਸ ਉੱਤੇ ਵੀ ਕੁਝ ਜ਼ਿਆਦਾ ਹੀ ਭਰੋਸਾ ਸੀ। ਉਸ ਨੇ ਕਿਹਾ ਕਿ ਅਗਨੀਪੱਥ ਯੋਜਨਾ ਵਿਰੁੱਧ ਅੰਦੋਲਨਕਾਰੀਆਂ ਨੂੰ ਕੁਝ ਕੋਚਿੰਗ ਇੰਸਟੀਚਿਊਟਾਂ ਨੇ ਭੜਕਾਇਆ ਹੈ। ਇਹੋ ਪੁਲਸ ਕਹਿੰਦੀ ਰਹੀ ਹੈ । ਜਨਰਲ ਪੁਰੀ ਨੂੰ ਇਹ ਦੱਸਣਾ ਬਣਦਾ ਸੀ ਕਿ ਉਨ੍ਹਾ ਨੂੰ ਇਸ ਦੀ ਜਾਣਕਾਰੀ ਕਿਸ ਸਾਧਨ ਤੋਂ ਮਿਲੀ। ਇਹ ਵੀ ਮੰਨਿਆ ਹੋਇਆ ਤੱਥ ਹੈ ਕਿ ਪੁਲਸ ਹਮੇਸ਼ਾ ਸਿਆਸੀ ਆਕਾਵਾਂ ਦੀ ਫਰਮਾਬਰਦਾਰ ਰਹਿੰਦੀ ਹੈ। ਉਹ ਸਿਆਸੀ ਆਗੂਆਂ ਦੇ ਕਹੇ ਝੂਠੇ ਕੇਸ ਵੀ ਬਣਾਉਂਦੀ ਹੈ, ਜਿਹੜੇ ਬਹੁਤੀ ਵਾਰ ਨਿਆਂ ਪਾਲਿਕਾ ਵਿੱਚ ਖਾਰਜ ਹੋ ਜਾਂਦੇ ਹਨ।

ਇਥੇ ਅਸੀਂ ਇੱਕ ਤਾਜ਼ਾ ਕੇਸ ਦੀ ਗੱਲ ਕਰਦੇ ਹਾਂ, ਜਿਹੜਾ ਅਗਨੀਪੱਥ ਅੰਦੋਲਨ ਨਾਲ ਜੁੜਿਆ ਹੋਇਆ ਹੈ। ਅਲੀਗੜ੍ਹ ਪੁਲਸ ਨੇ 17 ਜੂਨ ਨੂੰ ਹੋਏ ਮੁਜ਼ਾਹਰੇ ਵਿੱਚ ਸ਼ਾਮਲ ਕੁਝ ਨੌਜਵਾਨਾਂ ਉਤੇ ਕੇਸ ਦਰਜ ਕੀਤੇ ਸਨ। ਇਨ੍ਹਾਂ ਵਿੱਚ ਵਿਪਨ ਕੁਮਾਰ ਨਾਂਅ ਦਾ ਇੱਕ ਵਿਦਿਆਰਥੀ ਵੀ ਸ਼ਾਮਲ ਸੀ । ਵਿਪਨ ਕੁਮਾਰ ਵਾਰਾਨਸੀ ਸਥਿਤ ਕਾਸ਼ੀ ਹਿੰਦੂ ਯੂਨੀਵਰਸਿਟੀ ਦਾ ਬੀ ਐੱਸਸੀ ਆਨਰਜ਼ ਦਾ ਵਿਦਿਆਰਥੀ ਹੈ। ਉਹ ਪਿਛਲੇ ਦੋ ਮਹੀਨਿਆਂ ਤੋਂ ਯੂਨੀਵਰਸਿਟੀ ਦੇ ਹੋਸਟਲ ਵਿੱਚ ਰਹਿ ਰਿਹਾ ਹੈ। ਉਸ ਦੇ ਕੋਲ ਹੋਸਟਲ ਦੇ ਮੈੱਸ ਰਜਿਸਟਰ ਵਿੱਚ ਖਾਧੇ ਖਾਣੇ ਲਈ ਕੀਤੇ ਦਸਤਾਖਤਾਂ ਦੀ ਕਾਪੀ ਹੈ। ਉਸ ਨੂੰ ਜਦੋਂ ਆਪਣੇ ਘਰਦਿਆਂ ਤੋਂ ਪਤਾ ਲੱਗਾ ਕਿ ਪੁਲਸ ਉਸ ਨੂੰ ਲੱਭ ਰਹੀ ਹੈ ਤਾਂ ਉਸ ਨੇ ਸੰਬੰਧਤ ਥਾਣੇਦਾਰ ਨੂੰ ਫੋਨ ਕਰਕੇ ਆਪਣੀ ਗੱਲ ਦੱਸੀ, ਪਰ ਥਾਣੇਦਾਰ ਨੇ ਕੁਝ ਵੀ ਸੁਣਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਸਰੰਡਰ ਕਰ ਦੇਵੇ। ਇਸ ਉਤੇ ਵਿਦਿਆਰਥੀ ਨੇ ਪ੍ਰੈੱਸ ਦਾ ਸਹਾਰਾ ਲਿਆ, ਤਦ ਜਾ ਕੇ ਉੱਚ ਅਧਿਕਾਰੀਆਂ ਨੇ ਪੜਤਾਲ ਕਰਨ ਦਾ ਭਰੋਸਾ ਦਿੱਤਾ।

ਇਸ ਲਈ ਜਨਰਲ ਅਨਿਲ ਪੁਰੀ ਨੂੰ ਹਾਕਮ ਭਗਤੀ ਛੱਡ ਕੇ ਆਪਣੇ ਸੰਵਿਧਾਨਕ ਫਰਜ਼ ਨਿਭਾਉਣੇ ਚਾਹੀਦੇ ਹਨ। ਹਾਕਮ ਤਾਂ ਰਾਸ਼ਟਰ ਦਾ ਹਿੰਦੂਕਰਨ ਤੇ ਹਿੰਦੂਆਂ ਦਾ ਫੌਜੀਕਰਨ ਕਰਨ ਦੇ ਰਾਹ ਪੈ ਚੁੱਕੇ ਹਨ। ਪਾਕਿਸਤਾਨ ਬਾਰੇ ਇਹ ਆਮ ਧਾਰਨਾ ਹੈ ਕਿ ਉਥੋਂ ਦਾ ਸਿਸਟਮ ਤਿੰਨ ਧਿਰਾਂ; ਅਮਰੀਕਾ, ਅੱਲਾਹ ਤੇ ਆਰਮੀ ਚਲਾ ਰਹੀਆਂ ਹਨ। ਸਾਡੇ ਹਾਕਮ ਉਸੇ ਦਿਸ਼ਾ ਵਿੱਚ ਵਧ ਰਹੇ ਹਨ। --ਚੰਦ ਫਤਿਹਪੁਰੀ -ਨਵਾ ਜ਼ਮਾਨਾ

## ਅਗਨੀਪੱਥ ਨੌਜਵਾਨਾਂ ਤੇ ਕਿਸਾਨ ਪਰਿਵਾਰਾਂ ਨਾਲ ਵੱਡਾ ਧੋਖਾ:ਸੰਯੁਕਤ ਕਿਸਾਨ ਮੋਰਚਾ

ਨਵੀਂ ਦਿੱਲੀ:ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਫੌਜ ਵਿਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਤੇ ਦੇਸ਼ ਦੇ ਕਿਸਾਨ ਪਰਵਾਰਾਂ ਲਈ ਅਗਨੀਪੱਥ ਯੋਜਨਾ ਵੱਡਾ ਧੋਖਾ ਹੈ। ਮੋਰਚੇ ਵੱਲੋਂ ਰਾਸ਼ਟਰਪਤੀ ਦੇ ਨਾਂਅ 24 ਜੂਨ ਨੂੰ ਕੌਮੀ ਪੱਧਰ ਉਤੇ ਮੰਗ ਪੱਤਰ ਸੌਂਪੇ ਜਾਣਗੇ। ਮੋਰਚੇ ਮੁਤਾਬਕ ਜਿਨ੍ਹਾਂ ਨੌਜਵਾਨਾਂ ਦੀ ਭਰਤੀ ਪ੍ਰਕਿਰਿਆ 2020-21 ਵਿਚ ਸ਼ੁਰੂ ਹੋਈ ਸੀ, ਉਨ੍ਹਾਂ ਨੂੰ ਰੋਕਣਾ ਸਰਾਸਰ ਗਲਤ ਹੈ। ਫੌਜ ਵਿਚ ਭਰਤੀ ਹੋਣ ਵਾਲਿਆਂ ਦੀ ਗਿਣਤੀ ਘਟਾਉਣਾ, ਸੇਵਾ ਦੀ ਮਿਆਦ 4 ਸਾਲ ਤੱਕ ਲਿਆਉਣਾ ਅਤੇ ਪੈਨਸ਼ਨ ਖਤਮ ਕਰਨਾ ਉਨ੍ਹਾਂ ਸਾਰੇ ਨੌਜਵਾਨਾਂ ਅਤੇ ਪਰਵਾਰਾਂ ਨਾਲ ਬੇਇਨਸਾਫੀ ਹੈ, ਜਿਨ੍ਹਾਂ ਨੇ ਫੌਜ ਨੂੰ ਦੇਸ਼ ਦੀ ਸੇਵਾ ਦੇ ਨਾਲ ਕਰੀਅਰ ਵਜੋਂ ਦੇਖਿਆ ਹੈ । ਮੋਰਚੇ ਵੱਲੋਂ ਸਵਾਲ ਉਠਾਏ ਗਏ ਕਿ ਰੈਜੀਮੈਂਟ ਦੇ ਸਮਾਜਿਕ ਚਰਿੱਤਰ ਨੂੰ ‘ਆਲ ਕਲਾਸ ਆਲ ਇੰਡੀਆ’ ਰੰਗਰੂਟਾਂ ਨਾਲ ਬਦਲਣਾ ਉਨ੍ਹਾਂ ਖੇਤਰਾਂ ਅਤੇ ਭਾਈਚਾਰਿਆਂ ਲਈ ਬਹੁਤ ਵੱਡਾ ਝਟਕਾ ਹੋਵੇਗਾ, ਜਿਨ੍ਹਾਂ ਨੇ ਪੀੜ੍ਹੀ ਦਰ ਪੀੜ੍ਹੀ ਫੌਜ ਰਾਹੀਂ ਦੇਸ਼ ਦੀ ਸੇਵਾ ਕੀਤੀ ਹੈ। ਇਨ੍ਹਾਂ ਵਿਚ ਪੰਜਾਬ, ਹਰਿਆਣਾ, ਉੱਤਰਾਖੰਡ, ਹਿਮਾਚਲ, ਪੱਛਮੀ ਉੱਤਰ ਪ੍ਰਦੇਸ਼ ਅਤੇ ਪੂਰਬੀ ਰਾਜਸਥਾਨ ਵਰਗੇ ਖੇਤਰ ਸ਼ਾਮਲ ਹਨ। ਕਿਸਾਨ ਆਗੂਆਂ ਨੇ ਭਾਰਤੀ ਫੌਜ ਦੇ ਸੁਪਰੀਮ ਕਮਾਂਡਰ ਨੂੰ ਬੇਨਤੀ ਕੀਤੀ ਹੈ ਕਿ ਅਗਨੀਪੱਥ ਸਕੀਮ ਨੂੰ ਤੁਰੰਤ ਅਤੇ ਪੂਰੀ ਤਰ੍ਹਾਂ ਰੱਦ ਕੀਤਾ ਜਾਵੇ ਤੇ ਭਰਤੀ ਦਾ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ। ਫੌਜ ਵਿਚ ਪਿਛਲੀਆਂ 1,25,000 ਅਸਾਮੀਆਂ ਅਤੇ ਇਸ ਸਾਲ ਖਾਲੀ ਹੋਣ ਵਾਲੀਆਂ ਲੱਗਭੱਗ 60,000 ਅਸਾਮੀਆਂ ਦੇ ਵਾਸਤੇ ਪਹਿਲਾਂ ਵਾਂਗ ਰੈਗੂਲਰ ਭਰਤੀ ਤੁਰੰਤ ਸ਼ੁਰੂ ਕੀਤੀ ਜਾਵੇ।

## ਅਗਨੀਪਥ:ਦੇਸ਼ ‘ਚ 27 ਨੂੰ ‘ਸਤਿਆਗ੍ਰਹਿ’ ਕਰੇਗੀ ਕਾਂਗਰਸ

ਨਵੀਂ ਦਿੱਲੀ:-ਕਾਂਗਰਸ ‘ਅਗਨੀਪਥ’ ਸਕੀਮ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ 27 ਜੂਨ ਨੂੰ ਦੇਸ਼ ਦੇ ਹਰੇਕ ਵਿਧਾਨ ਸਭਾ ਹਲਕੇ ਵਿੱਚ ‘ਸਤਿਆਗ੍ਰਹਿ’ ਕਰੇਗੀ। ਪਾਰਟੀ ਦੇ ਜਥੇਬੰਦਕ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਬੁੱਧਵਾਰ ਨੂੰ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ 27 ਜੂਨ ਨੂੰ ਪੂਰੇ ਦੇਸ਼ ਵਿੱਚ ਪ੍ਰਦਰਸ਼ਨ ਹੋਵੇਗਾ। ‘ਅਗਨੀਪਥ’ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਸਵੇਰੇ ਦਸ ਵਜੇ ਤੋਂ ਦੁਪਹਿਰ ਇੱਕ ਵਜੇ ਤੱਕ ‘ਸਤਿਆਗ੍ਰਹਿ’ ਕੀਤਾ ਜਾਵੇਗਾ।


ਵਰਕਰਾਂ ਦੀ ਲੋੜ

ਸਰੀ ਦੀ ਡਰਾਈਵਾਲ ਕੰਪਨੀ ਨੂੰ ਡਰਾਈਵਾਲ ਬੋਰਡਿੰਗ ਅਤੇ ਸਟੀਲ ਸਟੱਡ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ। ਤਜਰਬੇ ਮੁਤਾਬਕ ਵਧੀਆ ਤਨਖਾਹ ਦਿੱਤੀ ਜਾਵੇਗੀ। ਸਰੀ ਤੋਂ ਰਾਈਡ ਦਾ ਪ੍ਰਬੰਧ ਹੋਵੇਗਾ। ਕੰਮ ਫੁੱਲ ਟਾਈਮ ਅਤੇ ਨਵੇਂ ਵਰਕਰ ਵੀ ਅਪਲਾਈ ਕਰ ਸਕਦੇ ਹਨ।

ਸੰਪਰਕ ਕਰੋ: Approved LMIA ਵੀ ਉਪਲਬਧ ਹੈ

778-865-2763

H10 jun



The Builder's Direct

Experienced & Honest


Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC



T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ, ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

# ਜਿਨ੍ਹਾਂ ਨੂੰ ਧਰਤੀ ਨਸੀਬ ਨਾ ਹੋਈ

ਗਰਮੀਆਂ ਸ਼ੁਰੂ ਹੋਣ ਸਾਰ ਨਸਰਸਰੀਆਂ ਵਿਚ ਰੌਣਕਾਂ ਲਗ ਜਾਂਦੀਆਂ ਨੇ ਜਿਥੋਂ ਫੁਲ ਸਬਜੀਆਂ ਲਿਜਾ ਕੇ ਲੋਕ ਘਰਾਂ ਦੇ ਪਿਛਲੇ ਯਾਰਡਾਂ ਵਿਚ ਗਡ ਦਿੰਦੇ ਨੇ ਅਤੇ ਸਾਰੀ ਗਰਮੀਆਂ ਆਹਰੇ ਲਗੇ ਰਹਿੰਦੇ ਨੇ। ਅਸੀ ਵੀ ਨਰਸਰੀ ਗਏ ਅਤੇ ਸਬਜੀਆਂ ਟਮਾਟਰਾਂ ਦੇ ਬੂਟੇ ਲਿਆ ਕੇ ਫਾਰਮ ਵਿਚ ਗਡ ਦਿਤੇ। ਕੁਝ ਕੁ ਹਫਤਿਆਂ ਬਾਅਦ ਨਰਸਰੀ ਕੋਲੋਂ ਲੰਘਦਿਆਂ ਸੋਚਿਆ ਹਾਲੇ ਮੌਸਮ ਹੈ ਟਮਾਟਰਾਂ ਦੇ ਪੰਜ ਦਸ ਬੂਟੇ ਹੋਰ ਗਡ ਦਿਨੇ ਆਂ ਕੈਚਅਪ ਬਣਾਓਂਣ ਜਾਂ ਫਰੀਜ ਕਰਨ ਦੇ ਕੰਮ ਆ ਜਾਣਗੇ ਲਾਗਿਓਂ ਤਾਂ ਲੰਘਣ ਡਹੇ ਆਂ। ਜਦ ਅਸੀਂ ਤਿੰਨ ਕੁ ਹਫਤੇ ਪਹਿਲਾਂ ਆਏ ਸਾਂ ਤਾਂ ਮਾਅਰ ਰੌਣਕਾਂ ਲਗੀਆਂ ਅਤੇ ਲੋਕ ਟਰੇਆਂ ਭਰੀ ਜਾ ਰਹੇ ਸਨ ਪੌਦਿਆਂ ਦੀਆਂ ਅਤੇ ਨਰਸਰੀ ਵਾਲੇ ਵੀ ਬੂਟਿਆਂ ਮਗਰ ਪਾਣੀ ਇਓਂ ਚੁਕੀ ਫਿਰ ਰਹੇ ਸਨ ਜਿਵੇਂ ਭਲਿਆਂ ਵੇਲਿਆਂ ਵਿਚ ਪੰਜਾਬ ਵਾਲੇ ਕਾਲੀਏ ਮੋਦੀ ਮਗਰ ਸਿਰੋਪੇ ਚੁਕੀ ਫਿਰਦੇ ਰਹੇ।

ਪਰ ਇਸ ਵਾਰੀ ਦੇਖਿਆ ਤਾਂ ਓਹੀ ਨਰਸਰੀ ਉਜੜਿਆ ਬਾਗ ਜਾਪ ਰਹੀ ਸੀ ਕਿਓਂਕਿ ਸਮਾ ਕਰੀਬਨ ਲੰਘ ਚੁਕਾ ਸੀ ਲੋਕਾਂ ਜਿੰਨੇ ਬੂਟੇ ਲਾਓਂਣੇ ਸਨ ਲਾ ਕੇ ਵਿਹਲੇ ਹੋ ਚੁਕੇ ਹੋਏ ਸਨ ਅਤੇ ਪਿਛਲੀ ਵਾਰ ਖਿੜੇ ਖਿੜੇ ਜਾਪਣ ਵਾਲੇ ਬੂਟੇ ਸਿਰ ਸੁਟੀ ਇਓਂ ਜਾਪ ਰਹੇ ਸਨ ਜਿਵੇਂ ਕੋਈ ਗੁਰੁਦਆਰਾ ਨਾ ਮਿਲਣ ਤੇ ਢਡਰੀ ਵਾਲਾ ਸਿਰ ਜਿਆ ਸੁਟ ਕੇ ਅਪੀਲ ਕਰ ਰਿਹਾ ਸੀ ਭਰਾਵੋ ਫਲਾਂ ਸਿਓਂ ਦੀ ਯਾਰਡ ਵਿਚ ਪਹੁੰਚ ਜਾਇਓ ਵੀਰ ਬਣਕੇ ਕੀਰਤਨ ਕਰਾਂਗੇ ਨਾਲੇ ਬੂਟੇ ਲਾਵਾਂਗੇ ਨਾਲੇ ਤੌੜੀ ਵਾਲੀ ਦਾਲ ਰਿੰਨਾਗੇ।

ਯਾਣੀ ਹੁਣ ਬੂਟੇ ਵਿਕਣੇ ਨਾ ਕਰਕੇ ਕੋਈ ਪਾਣੀ ਵੀ ਨਾ ਸੀ ਦੇ ਰਿਹਾ ਅਤੇ ਪਾਣੀ ਖੁਣੋਂ ਸੁਕ ਰਹੇ ਪੌਦੇ ਜਿਵੇਂ ਹੁਣ 25-25 ਡਾਲਰਾਂ ਦਾ ਵਾਸਤਾ ਪਾ ਰਹੇ ਹੋਣ। ਇਹ ਓਹ ਬੂਟੇ ਸਨ ਜਿੰਨਾ ਨੂੰ ਹੁਣ ਧਰਤੀ ਨਸੀਬ ਨਹੀ ਸੀ ਹੋਣੀ ਕਿਓਂਕਿ ਮੌਸਮ ਲੰਘ ਚੁਕਾ ਸੀ।

2005 ਕੁ ਦੇ ਗੇੜ ਦੀ ਗਲ ਹੈ ਜਦ ਰਣਜੀਤ ਸਿੰਘ ਢੱਡਰੀ ਵਾਲਾ ਪਹਿਲੀ ਵਾਰ ਟਰੰਟੋ ਆਇਆ ਤਾਂ ਮਾਲਟਨ ਗੁਰਦੁਆਰੇ ਇਸ ਦਾ ਦੀਵਾਨ ਸੀ। ਜਿੰਨੇ ਦਿਨ ਦੀਵਾਨ ਚਲਿਆ ਨੇੜਲੀਆਂ ਸੜਕਾਂ ਉਪਰ ਰਸਤਾ ਨਾ ਬਚਿਆ ਸੀ ਗੱਡੀਆਂ ਲੰਘਣ ਦਾ। ਦੀਵਾਨ ਸਮਾਪਤੀ ਤਕ ਚਲਿਆ ਜਾਂਦਾ ਸੀ ਪਰ ਮਥਾ ਟੇਕਣ ਵਾਲਿਆ ਦੀ ਲਾਈਨ ਨਾ ਸੀ ਮੁਕਦੀ ਅਤੇ ਵਾਜੇ ਉਪਰ ਰਖੇ ਨੋਟਾਂ ਦੇ ਢੇਰ ਹੇਠ ਬਾਬਾ ਇਓਂ ਲੁਕਣ ਵਾਲਾ ਹੋ ਜਾਂਦਾ ਸੀ ਜਿਵੇਂ ਡਾਲਰਾਂ ਨਾਲ ਲੁਕਣ ਮੀਚੀ ਖੇਡ ਰਿਹਾ ਹੋਵੇ।

ਉਸ ਸਮੇ ਮੈਂ 'ਲੁਟ ਦਾ ਮਾਲ' ਨਾਂ ਦੀ ਕਹਾਣੀ ਵੀ ਇਸ ਉਪਰ ਲਿਖੀ ਸੀ ਕਿ ਵਾਜੇ ਦੇ ਢੇਰਾਂ ਤੋਂ ਇਲਾਵਾ ਘਰਾਂ ਵਿਚਲੀ 'ਚਰਨ ਪਵਾਈ' ਵਿਚ ਇਸ ਪੁਜਾਰੀ ਨੇ ਕਿਵੇਂ ਦੋਂਹ ਦੋਂਹ ਹਥੀ ਲੋਕਾਂ ਦੀ ਉਨ ਲਾਹੀ।

ਇਕ ਨੇੜਲੇ ਮਿੱਤਰ ਦੇ ਰਿਸ਼ਤੇਦਾਰ ਨੇ ਗਲ ਸੁਣਾਈ ਕਿ ਉਸ ਨੇ ਘਰ ਅਪਣੇ ਇਸ ਦੇ 'ਚਰਨ' ਪਵਾਏ ਜਿਹੜੇ ਕੋਈ ਅਧਾ ਕੁ ਘੰਟਾ ਮਸੀਂ ਉਸ ਦੇ ਘਰ ਟਿਕੇ ਅਤੇ ਉਸ ਅਧੇ ਕੁ ਘੰਟੇ ਵਿਚ ਚਾਹ ਦਾ ਘੁਟ ਹੀ ਇਸ ਮੂੰਹ ਨੂੰ ਲਾਇਆ ਅਤੇ ਕਰੀਬਨ 8 ਤੋਂ 10 ਹਜਾਰ ਡਾਲਰ ਇਓਂ ਉਡਾ ਗਿਆ ਜਿਵੇਂ ਜੇਬ ਕਤਰਾ ਤੁਹਾਡੀ ਜੇਬ ਵਿਚੋਂ ਉਡਾ ਲੈ ਜਾਂਦਾ ਹੈ ਪਰ ਪਤਾ ਤੁਹਾਨੂੰ ਓਦੋਂ ਲਗਦਾ ਜਦ ਜੇਬ ਵਿਚਲੀ ਮੋਰੀ ਥਾਣੀਂ ਪੂਰੀ ਬਾਂਹ ਵੀ ਹੇਠਾਂ ਵਗ ਜਾਂਦੀ।

ਉਸ ਬੰਦੇ ਦਸਿਆ ਕਿ 500-500 ਮੈਂ ਤੇ ਮੇਰੀ ਘਰਵਾਲੀ ਮਥਾ ਟੇਕਿਆ। ਦੋ ਦੋ ਸੌ ਮੇਰੇ ਬੀਬੀ ਭਾਪੇ, 100-100 ਮੇਰੇ ਤਿੰਨਾ ਨਿਆਣਿਆਂ ਅਤੇ ਹਾਈ ਫਾਈ ਬਾਬਿਆਂ ਦੇ ਚਰਨਾ ਦਾ ਰੋਅਬ ਪਾਓਂਣ ਲਈ ਸਦੇ ਗਏ ਰਿਸ਼ਤੇਦਾਰਾਂ ਅਤੇ ਮਿਤਰਾਂ ਦੋਸਤਾਂ 100-200 ਤੋਂ ਘਟ ਕਿਸੇ ਨਹੀ ਦਿਤਾ ਜਿਹਨਾ ਦੀ ਚੰਗੀ ਭੀੜ ਮੈਂ ਇਕਠੀ ਕਰ ਲਈ ਹੋਈ ਸੀ ਅਤੇ ਇਸ ਤੋਂ ਅਗਲੀ ਵਾਰੀ ਸਾਡੇ ਭਣਵੀਏ ਹੁਰਾਂ ਦੀ ਸੀ ਓਥੇ ਵੀ ਓਹੀ ਰੌਣਕ ਮੇਲਾ ਅਤੇ ਅਧਾ ਘੰਟਾ ਚਰਨ ਪਵਾਈ ਵਾਲੀ ਖੇਡ।

ਇਹ ਅਧੇ ਘੰਟੇ ਦੇ 'ਚਰਨਾ' ਵਾਲੀ ਖੇਡ ਸਾਰਾ ਸਾਰਾ ਦਿਨ ਚਲਦੀ ਰਹਿੰਦੀ ਸੀ ਯਾਣੀ ਬਾਬਿਆਂ ਦੇ 'ਚਰਨ' ਚੋਣਾਂ ਵੇਲੇ ਲੀਡਰਾਂ ਦੀਆਂ ਗਡੀਆਂ ਦੇ ਚਕਿਆਂ ਤਰਾਂ ਸਾਰਾ ਦਿਨ ਘੁਕਦੇ ਰਹਿੰਦੇ ਸਨ ਅਤੇ ਪੂਰੀ ਦਿਹਾੜੀ ਵਿਚ ਡਾਲਰਾਂ ਨਾਲ ਭਰੇ ਬਾਬਿਆਂ ਦੇ ਝੋਲੇ ਮਰੇ ਪੂਹਲੇ ਦੇ ਢਿਡ ਤਰਾਂ ਪਾਟਣ ਵਾਲੇ ਹੋਏ ਪਏ ਹੁੰਦੇ ਸਨ ਅਤੇ ਸ਼ਾਮ ਨੂੰ ਦੀਵਾਨ ਵਾਲੀ ਫਿਰ ਅਗਲੀ ਸ਼ਿਫਟ ਯਾਣੀ ਬਾਬਿਆਂ ਦਾ ਡਾਲਰ ਗਰੈਂਡ ਕਰਨ ਵਾਲਾ ਖਰਾਸ ਰਾਤ ਪੁਰ ਦਿਨ ਗਿੜਦਾ ਰਹਿੰਦਾ ਸੀ।

ਦੋ ਸਾਲ ਬਾਅਦ ਫਿਰ ਝੋਲਾ ਚਕਿਆ ਅਤੇ ਚਲ ਬਾਬੇ ਕਨੇਡਾ। ਹਡੀ ਦਾ ਸਵਾਦ ਦੰਦਾ ਦਾ ਟੋਕਾ ਕਾਹਨੂੰ ਖਲੋਣ ਦਿੰਦਾ ਚਾਹੇ ਮੂੰਹ ਲਹੂ ਲੁਹਾਨ ਕਿਓਂ ਨਾ ਹੋ ਜਾਏ। ਓਸ ਸਮੇ ਥੋੜੀ ਬਾਹਲੀ ਵਿਰੋਧਤਾ ਹੋਈ ਸੀ। ਕਿਸੇ ਘਰੇ ਰਖੀ ਮੀਟਿੰਗ ਵਿਚ ਮੈਂ ਵੀ ਦਰਸ਼ਨ ਕਰਕੇ 84 ਕਟੀ ਸੀ ਪਰ ਬਾਬਿਆਂ ਦੇ ਦਲਾਲਾਂ ਪੈਰਾਂ ਤੇ ਪਾਣੀ ਨਾ ਸੀ ਪੈਣ ਦਿਤਾ ਅਤੇ ਮੈਦਾਨ ਪਹਿਲੀ ਵਾਰ ਤਰਾਂ ਹੀ ਭਖਿਆ ਸੀ ਯਾਣੀ ਲੁਟ ਦਾ ਮਾਲ ਚੋਰਾਂ ਦੀਆਂ ਡਾਗਾਂ ਦੇ ਗਜ ਤਰਾਂ ਹੀ ਚਲਿਆ।

ਹੁਣ ਆਹਾ ਪਿਛੇ ਜਿਹੇ ਦੋ ਕੁ ਸਾਲ ਪਹਿਲੇਂ ਡਿਕਸੀ ਗੁਰਦੁਆਰੇ ਵੀ ਢਡਰੀ ਵਾਲਾ ਆਇਆ ਸੀ ਮਾਰਕਿਟ ਫਿਰ ਵੀ ਕਾਫੀ ਗਰਮ ਰਹੀ ਪਰ ਪਹਿਲੇ ਤਰਾਂ ਦੇ ਮੁਕਾਬਲੇ ਜਰਾ ਘਟ ਪਰ ਗੁਰਦੁਆਰੇ ਵਾਲਿਆਂ ਸਿਰੋਪਿਆਂ ਅਤੇ ਲਿਫਾਫਿਆਂ ਵਿਚ ਕਸਰ ਨਾ ਸੀ ਛਡੀ। ਇਕ ਲਿਫਾਫਾ ਤਾਂ ਬਾਬੇ ਕੈਮਰੇ ਸਾਹਵੇਂ ਹੀ ਇਓਂ ਬੁਚਿਆ ਜਿਵੇਂ ਕਾਂ ਰੋਟੀ ਬੁਚਦਾ ਹੈ ਓਹ ਮਾਇਆ ਦੇ ਤਿਆਗ ਵਾਲੀ ਮੂਵੀ ਨਾਸਤਿਕਾਂ ਕਾਫੀ ਪ੍ਰਚਲਤ ਕੀਤੀ ਸੀ।

ਇਸ ਵਾਰੀ ਬਾਬਾ ਢਡਰੀ ਯਾਰਡਾਂ ਵਿਚ ਪ੍ਰੋਗਰਾਮਾਂ ਉਪਰ ਪਹੁੰਚਣ ਦੇ ਤਰਲੇ ਜਿਹੇ ਲੈਂਦਾ ਦੇਖ ਮੈਨੂੰ ਨਰਸਰੀ ਯਾਦ ਆ ਗਈ ਜਿਥੇ ਬਾਬੇ ਤੋਤੇ ਦੀ ਹਾਲਤ ਓਨਾ ਪੌਦਿਆਂ ਵਰਗੀ ਹੈ ਜਿੰਨਾ ਨੂੰ ਧਰਤੀ ਨਹੀ ਨਸੀਬ ਹੋਈ।

ਊਠ ਖਾ ਜਾਣ ਦੇ ਸੁਪਨੇ ਦੇਖਣ ਵਾਲੀ ਬਿਲੀ ਪ੍ਰਛਾਵੇਂ ਢਲੇ ਤੋਂ ਚੂਹੇ ਨੂੰ ਵੀ ਤਰਸ ਰਹੀ ਜਾਪਦੀ ਦਿਸੀ।

ਸੜਕਾਂ ਰੋਕ ਦੇਣ ਵਾਲੀ ਭੀੜ ਇਕੱਠੀ ਕਰ ਦੇਣ ਵਾਲਾ ਢੱਡਰੀ ਅਪੀਲ ਨਾਲ ਕਿਲ ਕਿਲ ਕੇ ਨਾਲ ਐਡਰਸ ਵੀ ਰਿਪੀਟ ਕਰਦਾ ਬੜਾ ਹਾਸੋ ਹੀਣਾ ਜਿਹਾ ਜਾਪ ਰਿਹਾ ਸੀ ਜਿਸ ਦੇ ਡਬਲਯੂ ਹਮੇਸ਼ਾਂ ਸੰਘ ਵਿਚ ਫਸ ਜਾਂਦਾ ਰਿਹਾ ਅਤੇ ਫੀਲਿੰਗ ਦੀ ਲਿੰਗ ਬਣਾ ਕੇ ਜਲੂਸ ਕੱਢ ਦਿੰਦਾ ਅੰਗਰੇਜੀ ਦਾ।

ਢਡਰੀ ਸਿਓਂ ਤਰਲੇ ਜਿਹੇ ਕਰਦਾ ਇਓਂ ਜਾਪਦਾ ਸੀ ਜਿਵੇਂ ਕਹਿ ਰਿਹਾ ਹੋਵੇ ਕਿ ਭਰਾਵੋ ਇਜਤ ਰਖ ਲਿਓ ਮੇਰੀ ਆਹਾ ਦੇਖ ਲਵੋ ਦੋ ਏਕੜ ਦੀ ਯਾਰਡ ਜੇ, ਮੋਦੀ ਕਿਆਂ ਦੀਆਂ ਰੈਲੀਆਂ ਤਰਾਂ ਕੁਰਸੀਆਂ ਖਾਲੀ ਓ ਈ ਨਾ ਰਹਿ ਜਾਣ ਵੀਰ ਬਣਕੇ ਆ ਜਾਇਓ। ਹਾਂਅ!

-ਗੁਰਦੇਵ ਸਿੰਘ ਸੱਧੇਵਾਲੀਆ





TMG LOGISTICS INC.

Need Owner Operators

NOW HIRING

*Vancouver to California *California to Alberta Back Vancouver

*Vancouver to East USA Return

Good Paying Loads



Need Company Drivers

*Single Driver Pay 52cents/mile*

*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਾਡੀ ਅਵਾਜ਼ ਨੂੰ ਹੁੰਗਾਰਾ ਕਿੱਥੋਂ ਮਿਲਣਾ ਹੈ?

ਸਮੇਂ ਨਾਲ ਬਹੁਤ ਕੁਝ ਬਦਲਦਾ ਰਹਿੰਦਾ ਹੈ, ਇਹ ਅਟੱਲ ਸੱਚਾਈ ਹੈ। ਪਰ ਸਮੇਂ ਨਾਲ ਬਦਲਿਆ ਸਭ ਕੁਝ ਹੀ ਸਹੀ ਨਹੀਂ ਹੁੰਦਾ, ਇਹ ਵੀ ਉਤਨੀ ਹੀ ਅਟੱਲ ਸੱਚਾਈ ਹੈ। ਜਦੋਂ ਮਨੁੱਖ ਆਪਣੇ ਅਸਲ ਸੋਮੇ ਤੋਂ ਦੂਰ ਹੁੰਦਾ ਜਾਂਦਾ ਹੈ ਤਾਂ ਸਮਾਂ ਉਸਨੂੰ ਕਈ ਦਫ਼ਾ ਇਤਨਾ ਕਮਜ਼ੋਰ ਕਰ ਦਿੰਦਾ ਹੈ ਕਿ ਉਹ ਆਪਣੇ ਸਿਧਾਂਤ ਨਾਲ ਵੀ ਸਮਝੌਤਾ ਕਰ ਜਾਂਦਾ ਹੈ। ਛੋਟੇ ਛੋਟੇ ਸਮਝੌਤਿਆਂ ਤੋਂ ਸ਼ੁਰੂ ਹੋਇਆ ਇਹ ਵਿਗਾੜ ਇੱਕ ਦਿਨ ਵੱਡੇ ਸਿਧਾਂਤਕ ਸਮਝੌਤੇ ਕਰ ਜਾਂਦਾ ਹੈ, ਜਿੱਥੋਂ ਫਿਰ ਬੇਚੈਨੀ ਅਤੇ ਉਦਾਸੀਨਤਾ ਦਾ ਆਲਮ ਜੀ ਆਇਆਂ ਆਖਦਾ ਹੈ। ਫਿਰ ਜਿੰਨਾ ਸਮਾਂ ਸਹੀ ਰਸਤਾ ਨਹੀਂ ਮਿਲਦਾ ਮਨੁੱਖ ਆਪਣੀ ਊਰਜਾ ਇਧਰ ਉਧਰ ਖਪਤ ਕਰਦਾ ਰਹਿੰਦਾ ਹੈ, ਜਿਥੋਂ ਵੀ ਓਹਨੂੰ ਕੋਈ ਕਿਣਕਾ ਮਾਤਰ ਆਸ ਬੱਝਦੀ ਹੈ, ਓਥੇ ਉਹ ਆਪਣਾ ਪੂਰਾ ਤਾਣ ਲਾ ਦਿੰਦਾ ਹੈ। ਪਰ ਊਰਜਾ ਸਹੀ ਥਾਂ ਨਾ ਲੱਗਣ ਕਰਕੇ ਉਸਦੀ ਅਵਾਜ਼ ਨੂੰ ਹੁੰਗਾਰਾ ਨਹੀਂ ਮਿਲਦਾ, ਫਿਰ ਮਨੁੱਖ ਥੱਕਦਾ ਹੈ, ਨਿਰਾਸ਼ ਹੁੰਦਾ ਹੈ ਅਤੇ ਕਈ ਦਫ਼ਾ ਇਸ ਜੱਦੋ-ਜਹਿਦ ਤੋਂ ਮੂੰਹ ਹੀ ਘੁਮਾ ਜਾਂਦਾ ਹੈ।

ਅੱਜ ਵੀ ਇਸੇ ਤਰ੍ਹਾਂ ਦੀ ਸਥਿਤੀ ਹੈ, ਸਿੱਖਾਂ ਦਾ ਵੱਡਾ ਹਿੱਸਾ ਆਪਣੀ ਰਵਾਇਤ ਤੋਂ ਰਸਤਾ ਭਟਕ ਕੇ ਆਪਣੀ ਊਰਜਾ ਥਾਂ-ਥਾਂ ਲਾ ਰਿਹਾ ਹੈ ਅਤੇ ਹੁੰਗਾਰੇ ਦੀ ਆਸ ਰੱਖ ਰਿਹਾ ਹੈ। ਇਸ ਤੇਜ ਰਫਤਾਰ ਬੇਚੈਨੀ ਵਿੱਚ ਉਹ ਆਪਣਾ ਆਗੂ ਕਦੀ ਵੋਟਾਂ 'ਚੋ ਲੱਭਣ ਦਾ ਯਤਨ ਕਰਦਾ ਹੈ, ਕਦੀ ਬਿਜਲ ਸੱਥ (ਸੋਸ਼ਲ ਮੀਡੀਆ) ਤੋਂ। ਵੋਟਾਂ ਥੋੜ੍ਹੇ ਸਮੇਂ ਬਾਅਦ ਹੀ ਆ ਜਾਣੀਆਂ ਹੁੰਦੀਆਂ ਨੇ, ਕਦੀ ਵਿਧਾਨ ਸਭਾ ਦੀਆਂ, ਕਦੀ ਲੋਕ ਸਭਾ ਦੀਆਂ ਜਾਂ ਕਦੀ ਕੋਈ ਜ਼ਿਮਨੀ ਚੋਣ। ਸੋਸ਼ਲ ਮੀਡੀਆ ਹਰ ਰੋਜ਼ ਹੀ ਸਰਗਰਮ ਹੈ, ਆਪਣੇ ਕੋਝੇ ਲਾਲਚ ਕਰਕੇ ਬੰਦੇ ਇਸ ਦਾ ਲਾਹਾ ਵੀ ਲੈ ਰਹੇ ਹਨ। ਜਿਸਨੂੰ ਗਰਮ ਗਰਮ ਗੱਲਾਂ ਲਿਖਣੀਆਂ, ਬੋਲਣੀਆਂ ਅਤੇ ਲੋਕਾਂ ਨੂੰ ਜਚਾਉਣੀਆਂ ਆ ਜਾਂਦੀਆਂ ਹਨ ਓਹਦੇ 'ਚੋਂ ਲੋਕ ਆਪਣਾ ਆਗੂ ਲੱਭਣ ਲੱਗ ਜਾਂਦੇ ਹਨ। ਅੱਜ ਹੋਰ, ਕੱਲ੍ਹ ਹੋਰ ....ਇਹ ਸਿਲਸਿਲਾ ਨਿਰੰਤਰ ਜਾਰੀ ਹੈ।

ਇਸ ਸਭ ਦੇ ਚੱਲਦਿਆਂ ਜੋ ਸਥਿਤੀ ਦੁਨੀਆਂ ਪੱਧਰ ਦੀ ਹੈ, ਉਹ ਬਿਲਕੁਲ ਵੱਖਰੀ ਹੈ। ਦੁਨੀਆਂ ਦੇ ਲੋਕ ਪੂਰਨ ਆਸ ਨਾਲ ਸਿੱਖਾਂ ਵੱਲ ਵੇਖ ਰਹੇ ਹਨ। ਪ੍ਰੋ. ਪੂਰਨ ਸਿੰਘ ਨੇ ਜੋ ਇੱਕ ਦਫ਼ਾ ਲਿਖਿਆ ਸੀ, ਅੱਜ ਇਸ ਸਥਿਤੀ 'ਤੇ ਉਹ ਬਿਲਕੁਲ ਢੁੱਕਦਾ ਹੈ - "ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗਾਮ ਜਿਸਦੇ ਵਾਸਤੇ ਸੰਸਾਰ ਤੜਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖ਼ਾਲਸਾ ਜੀ! ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ? ਗੁਰੂ ਅਰਜਨ ਦੇਵ ਜੀ ਦੇ ਖ਼ਾਲਸਾ ਜੀ! ਕਲਗੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖ਼ਾਲਸਾ ਜੀ! ਦੁਨੀਆ ਵਿਲਕ ਰਹੀ ਹੈ।"

ਮੌਲਾਨਾ ਜਲਾਲ-ਉਦ-ਦੀਨ ਰੂਮੀ ਕਹਿੰਦੇ ਹਨ "ਜਾਏਂਗਾ ਦੂਰ ਜਦੋਂ ਆਪਣੀਆਂ ਜੜ੍ਹਾਂ ਤੋਂ, ਤਾਂ ਮਾਰੇਂਗਾ ਅਵਾਜ਼ ਆਪਣੀਆਂ ਜੜ੍ਹਾਂ ਨੂੰ.... ਤੇਰੀ ਅਵਾਜ਼ ਨੂੰ ਹੁੰਗਾਰਾ ਜੇਕਰ ਮਿਲੇਗਾ ਕਿਤੋਂ ਆਖ਼ਿਰ, ਤਾਂ ਮਿਲੇਗਾ ਤੇਰੀਆਂ ਜੜ੍ਹਾਂ ਤੋਂ।" ਸੋ ਜਿਸ ਤਰ੍ਹਾਂ ਦੀ ਸਥਿਤੀ ਹੁਣ ਸਾਨੂੰ ਦਰਪੇਸ਼ ਹੈ, ਉਸ ਵਿੱਚ ਆਪਣੀਆਂ ਜੜ੍ਹਾਂ ਨੂੰ ਹੀ ਅਵਾਜ਼ ਮਾਰਨੀ ਪਵੇਗੀ ਅਤੇ ਸਾਡੀ ਅਵਾਜ਼ ਨੂੰ ਹੁੰਗਾਰਾ ਵੀ ਸਾਡੀਆਂ ਜੜ੍ਹਾਂ ਤੋਂ ਹੀ ਮਿਲੇਗਾ। ਜੜ੍ਹਾਂ ਰਵਾਇਤ ਹਨ, ਰਵਾਇਤ ਅਨੁਸਾਰ ਫੈਸਲੇ ਕਰਨ ਦੇ ਅਮਲ 'ਚ ਪੈਣਾ ਪਵੇਗਾ, ਰਵਾਇਤ ਅਨੁਸਾਰ ਜਥੇਬੰਦ ਹੋਣਾ ਪਵੇਗਾ ਅਤੇ ਰਵਾਇਤ ਅਨੁਸਾਰ ਹੀ ਆਗੂ ਚੁਣਨੇ ਪੈਣਗੇ।

ਸਾਡੀ ਰਵਾਇਤ ਕਹਿੰਦੀ ਹੈ ਕਿ ਗੁਰੂ ਖਾਲਸਾ ਪੰਥ ਵਿੱਚ ਫੈਸਲੇ ਲੈਣ ਲਈ 'ਗੁਰਮਤਾ' ਸੰਸਥਾ ਹੈ। ਗੁਰਸਿੱਖ ਆਪਣੀਆਂ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਗੁਰਮਤਿ ਦੀ ਰੌਸ਼ਨੀ ਵਿੱਚ ਫੈਸਲੇ ਤਲਾਸ਼ਦੇ ਹਨ। ਗੁਰਮਤਾ, ਜਾਣੀ ਗੁਰੂ ਦੀ ਮੱਤ, ਗੁਰੂ ਦਾ ਫੈਸਲਾ, ਖਾਲਸਾ ਜਥੇਬੰਦੀ ਦੇ ਜਜ਼ਬੇ ਦਾ ਸੰਸਥਾਗਤ ਪ੍ਰਗਟਾਵਾ। ਗੁਰੂ ਖਾਲਸਾ ਪੰਥ ਵਿੱਚ ਫੈਸਲੇ ਸੰਗਤੀ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਚ-ਪ੍ਰਧਾਨੀ ਪ੍ਰਣਾਲੀ ਤਹਿਤ ਕੀਤੇ ਜਾਂਦੇ ਹਨ। ਪੰਜ ਸਿੰਘ ਸਾਹਿਬਾਨ ਦਾ ਹੁਕਮ ਅੰਤਿਮ ਹੁੰਦਾ ਹੈ। ਫੈਸਲਾ ਲੈਣ ਵਾਲੇ ਪੰਜ ਸਿੰਘ ਸਾਹਿਬ ਮੌਕੇ 'ਤੇ ਹੀ ਸੰਗਤ ਵਿੱਚੋਂ ਚੁਣੇ ਜਾਂਦੇ ਹਨ ਅਤੇ ਅੰਤਮ ਫੈਸਲਾ ਲੈਣ ਤੋਂ ਬਾਅਦ ਮੁੜ ਸੰਗਤ ਦਾ ਹੀ ਹਿੱਸਾ ਬਣ ਜਾਂਦੇ ਹਨ।

ਸਿੱਖ-ਸੰਗਤ ਪੁਰਾਤਨ ਸਮਿਆਂ ਤੋਂ ਹੀ ਕੁਝ ਪ੍ਰਮੁੱਖ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਦੀ ਆਗਿਆ ਨਾਲ ਜਥੇ ਸਾਜਦੀ ਰਹੀ ਹੈ, ਜਿਨ੍ਹਾਂ ਦੀ ਕੁਲ ਹੋਂਦ ਗੁਰੂ ਖਾਲਸਾ ਪੰਥ ਦੀ ਜਥੇਬੰਦੀ ਤੋਂ ਵੱਖਰੀ ਨਹੀਂ ਹੁੰਦੀ।



ਜਥੇ ਸਮੇਂ ਸਮੇਂ 'ਤੇ ਇੱਕ ਦੂਜੇ ਤੋਂ ਵੱਖ ਅਤੇ ਇਕੱਠੇ ਹੁੰਦੇ ਰਹੇ ਹਨ। ਖਾਲਸਾ ਪੰਥ ਦੇ ਅੰਦਰੂਨੀ ਜਥਿਆਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਦਰਜੇਬੰਦੀ/ਅਹੁਦੇਦਾਰੀ ਨਹੀਂ ਹੁੰਦੀ, ਸਮਰੱਥਾ ਮੁਤਾਬਕ ਕਿਸੇ ਨੂੰ ਕੋਈ ਵੀ ਕੰਮ ਦਿੱਤਾ ਜਾ ਸਕਦਾ ਹੈ। ਗੁਰੂ ਖਾਲਸਾ ਪੰਥ ਦਾ ਹੰਨੇ-ਹੰਨੇ ਮੀਰੀ ਦਾ ਅਮਲ ਰਿਹਾ ਹੈ ਅਤੇ ਹੈ।

ਗੁਰੂ ਖਾਲਸਾ ਪੰਥ ਵਿੱਚ ਪਹਿਲੇ ਪਾਤਿਸਾਹ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ। ਸੇਵਾ ਅਤੇ ਸਿਰੜ ਰਾਹੀਂ ਆਪਣੇ ਆਪ ਉੱਚੀਆਂ ਸ਼ਖਸੀਅਤਾਂ ਪ੍ਰਤੱਖ ਨਿੱਤਰ ਆਉਦੀਆਂ ਹਨ। ਵੋਟਾਂ ਦੇ ਜਰੀਏ ਬਹੁਗਿਣਤੀ ਨਾਲ ਆਗੂ ਥਾਪਣ ਦੀ ਰੀਤ ਨਹੀਂ ਸੀ। ਸਮੁੱਚੇ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦਾ ਜਥੇਦਾਰ ਪ੍ਰਬੰਧਕ ਦੀ ਤਰ੍ਹਾਂ ਹੀ ਵਿਚਰਦਾ ਹੈ। ਗੁਰੂ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦੇ ਸਭ ਫੈਸਲੇ ਸਾਂਝੇ ਰੂਪ ਵਿੱਚ ਪੰਜ ਸਿੰਘ ਸਾਹਿਬਾਨ ਵਲੋਂ ਹੀ ਲਏ ਜਾਂਦੇ ਹਨ। ਜਥੇ ਦੇ ਪੱਧਰ ਉਤੇ ਅਗਵਾਈ ਵਿੱਚ ਸ਼ਬਦ ਦੇ ਅਭਿਆਸੀ-ਬਾਣੀ ਦੇ ਰਸੀਏ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਹੋਣਾ ਚਾਹੀਦਾ ਹੈ।ਜੜ੍ਹਾਂ ਵੱਲ੍ਹ ਸਹਿਜ ਨਾਲ ਹੀ ਪਰਤਿਆ ਜਾਵੇਗਾ, ਇਸ ਲਈ ਸਭ ਤੋਂ ਜਰੂਰੀ ਸਾਡੇ ਅੰਦਰ ਦੀ ਕਾਹਲ ਨੂੰ ਖਤਮ ਕਰਨਾ ਹੈ। ਇਹ ਸਾਡੀ ਸੇਵਾ, ਸਿਮਰਨ ਅਤੇ ਅਰਦਾਸ ਨਾਲ ਹੀ ਸੰਭਵ ਹੋਵੇਗਾ। ਅਖੀਰ ਵਿੱਚ ਪ੍ਰੋ. ਪੂਰਨ ਸਿੰਘ ਜੀ ਦੀ ਕਹੀ ਗੱਲ ਨੂੰ ਚੇਤੇ ਕਰੀਏ ਅਤੇ ਆਪਣੇ ਅਮਲਾਂ ਦੀ ਪੜਚੋਲ ਕਰੀਏ - "ਭੈਣੋ ਤੇ ਵੀਰੋ! ਜੀਵਨ ਗੱਲਾਂ ਨਹੀਂ। ਸੁਰਤਿ ਨੂੰ ਇਕਾਗਰ ਕਰਕੇ ਫਤਿਹ ਪਾਣ ਦਾ ਨਾਮ ਜੀਵਨ ਹੈ। ਖਿੰਡੀ ਸੁਰਤਿ ਕੁਝ ਨਹੀਂ ਬਣਾ ਸਕਦੀ।

ਸਮੁੰਦਰ ਦੀਆਂ ਲਹਿਰਾਂ ਆਪਣੇ ਕੇਸਾਂ ਦਾ ਜੂੜਾ ਬਣਾ ਲੱਖਾਂ ਜਹਾਜ਼ਾਂ ਨੂੰ ਕਾਗ਼ਜ਼ ਦੀਆਂ ਬੇੜੀਆਂ ਵਾਂਗ ਟੋਟੇ ਟੋਟੇ ਕਰ ਦੇਂਦੀਆਂ ਹਨ। ਤਾਂ ਤੇ ਸੁਰਤ ਨੂੰ ਇਕਾਗਰ ਕਰਕੇ ਇਕੱਠੇ ਹੋ ਜਾਉ ਤੇ ਕਰਤਾ ਪੁਰਖ ਦੇ ਆਦਰਸ਼ ਨੂੰ ਸਮਝ ਕੇ ਗੁਰੂ ਦੇ ਲੰਗਰ ਵਿੱਚੋਂ ਸਭ ਨੂੰ ਤ੍ਰਿਪਤ ਕਰੋ।

# ਰੂਸੀ ਪੱਤਰਕਾਰ ਨੇ ਯੂਕਰੇਨ ਦੇ ਸਮਰਥਨ 'ਚ ਨੋਬਲ ਸ਼ਾਂਤੀ ਮੈਡਲ ਵੇਚਣ ਦਾ ਕੀਤਾ ਐਲਾਨ

ਮਾਸਕੋ: ਰੂਸ ਅਤੇ ਯੂਕਰੇਨ ਵਿਚਾਲੇ ਜੰਗ ਅਜੇ ਵੀ ਜਾਰੀ ਹੈ। ਇਸ ਦੌਰਾਨ ਰੂਸ ਦੇ ਇੱਕ ਉੱਘੇ ਪੱਤਰਕਾਰ ਨੇ ਯੂਕਰੇਨ ਦੇ ਸਮਰਥਨ ਵਿੱਚ ਆਪਣਾ ਨੋਬਲ ਸ਼ਾਂਤੀ ਮੈਡਲ ਵੇਚਣ ਦਾ ਐਲਾਨ ਕੀਤਾ ਹੈ।

ਰੂਸੀ ਪੱਤਰਕਾਰ ਅਤੇ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਦਮਿਤਰੀ ਮੁਰਾਤੋਵ ਆਪਣੇ ਦੇਸ਼ ਦੇ ਆਜ਼ਾਦ ਮੀਡੀਆ ਦੇ ਖਾਤਮੇ ਅਤੇ ਯੁੱਧ ਪ੍ਰਭਾਵਿਤ ਯੂਕਰੇਨੀ ਸ਼ਰਨਾਰਥੀਆਂ ਦੇ ਸਮਰਥਨ ਵਿੱਚ ਨੋਬਲ ਮੈਡਲ ਦੀ ਨਿਲਾਮੀ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਰੂਸੀ ਫੌਜੀ ਮੁਹਿੰਮ ਦਾ ਸਮਰਥਨ ਕਰਨ ਵਾਲੇ ਬਹੁਤ ਘੱਟ ਲੋਕ ਹਨ।









# ਪੈਗੰਬਰ ਦੇ ਅਪਮਾਨ ਦਾ ਬਦਲਾ ਲਿਆ:ਇਸਲਾਮਿਕ ਸਟੇਟ

